ਮੁੱਲ 7/-ਰੁ:

ਸੰਤ ਨਿਰੰਕਾਰੀ

ਸਾਲ 63 • ਅੰਕ 1 ਜਨਵਰੀ 2010



ਵਿਸ਼ਾਲਤਾ ਤੇ ਅਧਿਆਤਮ ਦਾ
ਇਕ ਦੈਵੀ ਅਨੁਪਮ ਨਜ਼ਾਰਾ
ਨਿਮਰਤਾ ਤੇ ਗੌਰਵ ਦਾ ਸੰਗਮ
ਹਰ ਮਨ ਨੂੰ ਲਗਦਾ ਜੋ ਪਿਆਰਾ

ਸੰਤ ਨਿਰੰਕਾਰੀ

(ਸਾਲਾਨਾ ਸੰਤ ਸਮਾਗਮ)

(ਦੇਸ਼ ਅਤੇ ਵਿਸ਼ਵ ਦੀਆਂ ਬਾਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ)

ਜਿਲਦ 63 | ਜਨਵਰੀ 2010 | ਪੇਜ 64 | ਅੰਕ 1

ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ

ਸਥਾਈ		
ਸੰਪਾਦਕੀ	ਸੁਲੇਖ 'ਸਾਥੀ'	2
ਸਤਿਗੁਰੂ ਪ੍ਰਵਚਨ		
ਪ੍ਰਵਚਨ (14-11-09)	ਸਤਿਗੁਰੂ ਬਾਬਾ ਜੀ	3
ਵਿਸ਼ਵ ਦੇ ਨਾਂ ਸੰਦੇਸ਼	ਸਤਿਗੁਰੂ ਬਾਬਾ ਜੀ	10
ਪ੍ਰਵਚਨ (15-11-2009) ਸੇਵਾਦਲ ਰੈਲੀ	ਸਤਿਗੁਰੂ ਬਾਬਾ ਜੀ	48
ਪ੍ਰਵਚਨ ਮਾਤਾ ਜੀ		
ਪ੍ਰਵਚਨ (15-11-09)	ਨਿਰੰਕਾਰੀ ਰਾਜਮਾਤਾ ਜੀ	53
ਵਿਸ਼ੇਸ਼		
ਰੀਪੋਰਟ (62ਵਾਂ ਸਮਾਗਮ)	ਰਾਮ ਕੁਮਾਰ 'ਸੇਵਕ'	11
ਗੁਰੂ ਵੰਦਨਾ	ਵਿਸ਼ੇਸ਼ ਪ੍ਰਤੀਨਿਧੀ	43
ਦੈਵੀ ਦਰਸ਼ਨ	ਸ੍ਰੀਰਾਮ ਪ੍ਰਜਾਪਤੀ	56
ਝਲਕੀਆਂ	ਹਰਜੀਤ ਨਿਸ਼ਾਦ	62
ਸੂਚਨਾਵਾਂ		64

ਸੰਪਾਦਕ (ਜ਼ਿੰਮੇਵਾਰ)
ਸੁਲੇਖ 'ਸਾਥੀ'
ਸਰਕਲ ਮੁਖੀ ਵਿਭਾਗ
ਸੰਤ ਨਿਰੰਕਾਰੀ ਮੰਡਲ, ਦਿੱਲੀ-9
ਫੋਨ 011- 27602405-74/224,225
ਫੈਕਸ 011- 27608215
ਵੈਬਸਾਇਟ http://www.nirankari.org
ਈ ਮੇਲ Patrika@nirankari.org
snm@nirankari.org

ਫੋਟੋ ਐਡਿਟ ਅਤੇ ਡਿਪਾਰ
ਹਰਦੇਵ ਸਿੰਘ ਦੇਵਨ
ਸੰਤ ਨਿਰੰਕਾਰੀ ਕਲੋਨੀ, ਦਿੱਲੀ-9,
ਮਾਡਲ ਸੰਮਤ :
ਨਿਰੰਕਾਰੀ ਆਰਟ ਗਰੁੱਪ, ਦਿੱਲੀ-9,
ਨਿਰੰਕਾਰੀ ਸਟੂਡੀਓ

ਸਾਲਾਨਾ ਚੰਦਾ
ਭਾਰਤ/ਨੇਪਾਲ : 60 ਰੁ
ਰਜਿਸਟਰਡ ਪੋਸਟ : 150 ਰੁ
ਇੰਗਲੈਂਡ/ਯੂਰਪ ਸਰਫੇਸ : 600 ਰੁ
ਸਿੰਗਾਪੁਰ : $18 ਮਲੇਸ਼ੀਆ : $15
ਕਨੇਡਾ : $20 ਯੂ.ਏ.ਈ./ਆਸਟ੍ਰੇਲੀਆ : $21
ਯੂਨਾਇਟਡ ਸਟੇਟ (ਸਿਰਫਾ ਤੇ ਸਿਰਫਾ 20 ਸਫੇ)
ਸਾਧਾਰਣ/ਸਿਰਫਾ : 60 ਰੁ
ਏਅਰਮੇਲ/ਰਜਿਸਟਰ ਪੋਸਟ : 800 ਰੁ
ਸਿੰਗਾਪੁਰ : $.25 ਮਲੇਸ਼ੀਆ : 4099
ਕਨੇਡਾ : $225 ਬਰਮੂਡਾ : $300
ਫੀਸ ਭਾਰੀ : ? ਰੁ

ਪਬਲਿਸ਼ਰ ਤੇ ਪ੍ਰਿੰਟਰ ਸੀ ਕੌਲ ਗੁਰਬਾਣੀ ਨੇ ਸੰਤ ਨਿਰੰਕਾਰੀ ਮੰਡਲ, ਦਿੱਲੀ ਵਲੋ ਹਰਦੇਵ ਪ੍ਰਿੰਟਰਜ਼, ਸੰਤ ਨਿਰੰਕਾਰੀ ਕਲੋਨੀ, ਦਿੱਲੀ-9, ਤੇ ਛਾਪਕ ਤੇ ਦਿੱਲੀ-9 ਤੇ ਪ੍ਰਕਾਸ਼ਕ ਕੀਤਾ।

ਨੋਟ : ਲੇਖਾਂ ਦੇ ਵਿਚਾਰ ਲਾਜ਼ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਸੰਪਾਦਕੀ

ਮਾਨਵਤਾ ਬੁਲੰਦ

ਪਿਛਲੇ ਦਨੇ 14 ਤੋਂ 16 ਨਵੰਬਰ ਤਕ ਹੋਇਆ ਦਿੱਲੀ ਵਿਖੇ 62ਵਾਂ ਨਿਰੰਕਾਰੀ ਸੰਤ ਸਮਾਗਮ, ਜਿਸ ਵਿਚ ਦੇਸ਼-ਵਿਦੇਸ਼ ਤੋਂ ਆਏ ਲੱਖਾਂ-ਲੱਖਾਂ ਸਰਧਾਲੂਆਂ ਨੇ ਹਿੱਸਾ ਲਿਆ। ਇਹ ਸਮਾਗਮ ਸੀ ਲਗਪਗ 500 ਏਕੜ ਵਿਚ ਵਸਿਆ ਪਿਆਰ, ਮੁਹਬੱਤ, ਸਹਿਨਸ਼ੀਲਤਾ, ਮਿਲਵਰਤਣ ਅਤੇ ਵਿਸ਼ਵ-ਭਾਈਚਾਰੇ ਦਾ ਅਜਿਹਾ ਮਹਾਕੁੰਭ, ਜਿਥੇ ਚਾਰੇ ਪਾਸੇ ਸਿਰਫ ਅਤੇ ਸਿਰਫ ਇਨਸਾਨੀ ਭਾਵਨਾਵਾਂ ਦਾ ਵਿਸ਼ਾਲ ਸਾਗਰ ਠਾਠਾਂ ਮਾਰਦਾ ਨਜ਼ਰ ਆ ਰਿਹਾ ਸੀ। ਅਲਗ-ਅਲਗ ਭਾਸ਼ਾਵਾਂ, ਅਲਗ-ਅਲਗ ਬੋਲੀਆਂ, ਅਲਗ-ਅਲਗ ਖਾਣ-ਪਾਣ, ਅਲਗ-ਅਲਗ ਸੰਸਕ੍ਰਿਤੀ; ਪਰ ਸਭ ਦੇ ਦਿਲਾਂ ਦੀ ਭਾਵਨਾ ਇਕ ਹੀ ਸੀ। ਸਾਰੇ ਵਿਸਵੇ ਫਰਕ ਇਥੇ ਕੋਈ ਅਹਿਮੀਅਤ ਨਹੀਂ ਸਨ ਰੱਖਦੇ ਬਲਕਿ ਇਕ ਦੂਜੇ ਨੂੰ ਸਤਿਕਾਰ ਅਤੇ ਪਿਆਰ ਦੇਣ ਦਾ ਪ੍ਰਤੀਕ ਬਣੇ ਹੋਏ ਸਨ। ਦੇਸ਼ ਦੇ ਅਲਗ-ਅਲਗ ਹਿੱਸਿਆ ਤੋਂ ਆਏ ਨਿਰੰਕਾਰੀ ਭਰਾਤ ਜਾਤ-ਪਾਤ, ਉੱਚ-ਨੀਚ ਅਤੇ ਪ੍ਰਾਂਤਵਾਦ ਦੀਆਂ ਭਾਵਨਾਵਾਂ ਨੂੰ ਭੁਲਾ ਕੇ ਇਕ ਪਰਮਪਿਤਾ-ਪਰਮਾਤਮਾ ਰਾਹੀਂ ਨਿਰਮਿਤ ਮਾਨਵ ਦੇ ਮੂਲ ਰੂਪ ਨੂੰ ਅਪਨਾ ਕੇ ਮਾਨਵਤਾ ਦਾ ਰੁੱਤਬਾ ਬੁਲੰਦ ਕਰ ਰਹੇ ਸਨ। ਨਿਰੰਕਾਰ ਪ੍ਰਭੂ ਦੀ ਉਸਤਤਿ, ਸਤਿਗੁਰੂ ਦੀ ਮਹਿਮਾ, ਸੰਤਾਂ-ਮਹਾਪੁਰਸ਼ਾਂ ਦੇ ਦਰਸ਼ਨਾਂ ਦੇ ਅਨੰਦ ਦਾ ਅਹਿਸਾਸ ਸਾਰਿਆਂ ਨੂੰ ਇਕ ਮਾਲਾ ਵਿਚ ਪਿਰੋਏ ਭਿੰਨ-ਭਿੰਨ ਰੰਗਾ ਦੇ ਮਣਕਿਆਂ ਦੀ ਤਰ੍ਹਾਂ ਸੁਭਾਏਮਾਨ ਕਰ ਰਿਹਾ ਸੀ। ਜੁੜੇ ਹੋਏ ਹੱਥ, ਚਿਹਰਿਆਂ ਤੇ ਮੁਸਕਾਨ, ਮਿੱਠੀ ਜ਼ੁਬਾਨ ਅਤੇ ਇਕ ਦੂਜੇ ਨੂੰ ਪਹਿਲ ਦੇਣ ਦੀ ਭਾਵਨਾ ਦਾ ਸੈਲਾਬ ਨਜ਼ਰ ਆ ਰਿਹਾ ਸੀ ਇਹ ਸਮਾਗਮ। ਕਿਸੇ ਤਰ੍ਹਾਂ ਦੀ ਵਿਪਰੀਤ ਸੋਚ ਜਾਂ ਭਾਵਨਾ ਦਾ ਨਾਮੋ-ਨਿਸ਼ਾਨ ਹੀ ਨਹੀਂ ਸੀ। ਅਗਰ ਸੀ ਤਾਂ ਪ੍ਰਭੂ ਦਾ ਸ਼ੁਕਰਾਨਾ, ਹਰ ਹਾਲਾਤ ਨੂੰ ਪ੍ਰਭੂ ਇੱਛਾ ਮੰਨ ਕੇ ਉਸ ਚੋਂ ਖੁਸ਼ੀ ਭਾਲਣ ਦੀ ਭਾਵਨਾ।

ਇਥ ਤੀਕ ਕਿ ਸਮਾਗਮ ਤੋਂ ਅਤੇ ਸਮਾਗਮ ਦੇ ਅੰਤਿਮ ਦਿਨ ਹੋਈ ਮੂਸਲਾਧਾਰ ਬਾਰਿਸ ਵੀ ਵਾਲੀ ਇਸ ਦੁਨੀਆਂ ਤੇ ਅਸਰ ਸ਼ਾਮਿਆਨੇ, ਭਿੱਜੇ ਹੋਏ ਬਿਸਤਰ ਚਿਹਰੇ ਉਸੇ ਤਰ੍ਹਾਂ ਖਿੜੇ ਹੋਏ, ਇਕ ਦਮ ਗੂੰਜਦੇ ਜੈਕਾਰੇ, ਢੋਲ ਦੀ ਏ ਦਾਤਿਆ ਦਰਸ਼ਨ ਕਰਕੇ ਤੇਰੇ ' ਰਹੀ ਸੀ ਕਿ ਮਾਨਵਤਾ ਦੇ ਮਸੀਹਾ ਮਹਾਰਾਜ ਰਾਹੀਂ ਪ੍ਰਦਾਨ ਭਾਈਚਾਰੇ ਦੀ ਭਾਵਨਾ ਇਨ੍ਹਾਂ ਦੇ ਦਿਲਾ ਵਿਚ ਕਿੰਨੀ ਗਹਿਰਾਈ ਤਕ ਅਸਰ ਕਰ ਚੁੱਕੀ ਹੈ।

ਪਹਿਲਾਂ ਵੀਰਵਾਰ ਨੂੰ ਹੋਏ ਸਤਿਸੰਗ ਸਤਿਸੰਗ ਸਮਾਪਨ ਸੱਤਰ ਦੌਰਾਨ ਲੱਖਾਂ-ਲੱਖਾ ਸਰਧਾਲੂਆਂ ਦੇ ਇਕੱਠ ਨਹੀਂ ਕਰ ਸਕੀ। ਭਿੱਜੇ ਹੋਏ ਟੈਂਟ- ਅਤੇ ਕਪੜੇ ਹੋਣ ਦੇ ਬਾਵਜੂਦ ਸਤਿਗੁਰੂ ਦੇ ਦਰਸ਼ਨ ਕਰਦਿਆਂ ਥਾਪ ਅਤੇ ਰੂਹ ਗਦਗਦ ਹੋ ਗਈ ਦੀ ਮਧੁਰ ਆਵਾਜ਼ ਇਹ ਪ੍ਰਗਟ ਕਰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਬ੍ਰਹਮਗਿਆਨ ਅਤੇ ਇਨਸਾਨੀ

ਦਰਅਸਲ ਇਹ ਸਮਾਗਮ ਸੀ ਅਜਿਹੇ ਸੁੰਦਰ ਸੰਸਾਰ ਦੀ ਸਿਰਜਨਾ ਵਲ ਵਧਦਾ ਇਕ ਹੋਰ ਸਫਲ ਕਦਮ ਜਿਸ ਵਿਚ ਮੁਲਕ ਅਤੇ ਪ੍ਰਾਂਤਾਂ ਦੀਆਂ ਸਰਹੱਦਾਂ ਲੜਾਈ ਝਗੜੇ ਦਾ ਕਾਰਣ ਨਹੀਂ ਬਲਕਿ ਮਿਲਣ ਦੀ ਖੁਸ਼ੀ ਪ੍ਰਦਾਨ ਕਰਨ ਦਾ ਸਾਧਨ ਬਣਦੀਆਂ ਹਨ, ਜਿਸ ਵਿਚ ਭਾਸ਼ਾ-ਸੰਸਕ੍ਰਿਤੀ ਦੇ ਅੰਤਰ ਟਕਰਾਉ ਦਾ ਨਹੀਂ, ਮਿਲਾਪ ਦਾ ਸਾਧਨ ਬਣਦੇ ਹਨ। ਅਜਿਹੇ ਵਿਸ਼ਵ ਦਾ ਨਿਰਮਾਣ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ ਜਾਂ ਈਸਾਈ ਦੇ ਬਾਹਰਲੇ ਸਰੂਪਾਂ ਦਾ ਵਿਰੋਧ ਨਹੀਂ ਬਲਕਿ ਉਨ੍ਹਾਂ ਅੰਦਰ ਵਸਦੀ ਇਕੋ ਜਿਹੀ ਆਤਮਾ ਦੇ ਦਰਸ਼ਨ ਕਰਕੇ ਏਕਤਾ ਦੀ ਭਾਵਨਾ ਨੂੰ ਮਜਬੂਤੀ ਪ੍ਰਦਾਨ ਕਰਨਾ। ਇਹ ਸਮਾਗਮ ਸੀ ਅਜਿਹੇ ਵਿਸ਼ਵ ਦਾ ਸਵਰੂਪ ਜਿਥੇ ਵਿਪਰੀਤ ਜਾਂ ਵਖਰੇਵੇ ਵਾਲੀਆਂ ਭਾਵਨਾਵਾ ਕਿਸੇ ਤਰ੍ਹਾਂ ਵੀ ਮਨਾ ਤੇ ਅਸਰ ਨਹੀਂ ਕਰਦੀਆਂ, ਬਲਕਿ ਹੁੰਦੀ ਹੈ ਤਾਂ ਮਾਨਵਤਾ ਨੂੰ ਬੁਲੰਦ ਕਰਨ ਦੀ ਭਾਵਨਾ।

ਇਨਸਾਨੀ ਮਨਾਂ ਵਿੱਚ ਅੱਤਵਾਦ ਅਤੇ ਵੱਖਵਾਦ ਦੀ ਭਾਵਨਾ ਨੂੰ ਪੈਦਾ ਹੀ ਨਾ ਹੋਣ ਦੇਣ ਲਈ ਜ਼ਰੂਰੀ ਹੈ ਕਿ ਸਾਰੇ ਸੰਸਾਰ ਨੂੰ ਅਜਿਹੇ ਨਿਰੰਕਾਰੀ ਸਮਾਗਮ ਦਾ ਵਿਸ਼ਾਲ ਰੂਪ ਬਣਾ ਦਿੱਤਾ ਜਾਏ ਤਾਂਕਿ ਸਾਰੇ ਕਹਿ ਸਕਣ **ਕਿ ਇਥੇ ਹੈ- ਮਾਨਵਤਾ ਬੁਲੰਦ।**

— ਸੁਲੇਖ 'ਸਾਥੀ'
e-mail : ssathi_2007@yahoo.com

ਸਤਿਗੁਰੂ ਪ੍ਰਵਚਨ

(ਪਹਿਲਾ ਦਿਨ)



ਇਸ ਤੋਂ ਪਹਿਲਾਂ ਕਿ ਸਵਾਸਾਂ ਦੀ ਲੜੀ ਟੁਟੇ, ਪਰਮਾਤਮਾ ਦਾ ਬੋਧ ਹਾਸਿਲ ਕਰੀਏ

– ਨਿਰੰਕਾਰੀ ਬਾਬਾ ਜੀ

ਮਿਤੀ 14 ਨਵੰਬਰ 2009 (ਸ਼ਨੀਵਾਰ) ਨੂੰ 62ਵੇਂ ਸਾਲਾਨਾ ਸੰਤ ਸਮਾਗਮ ਦੇ ਸ਼ੁਭ ਅਵਸਰ ਤੇ ਇਕੱਠੇ ਹੋਏ ਲੱਖਾਂ ਦੇ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਫਰਮਾਇਆ –

ਸਾਧ ਸੰਗਤ ਜੀ, ਪਿਆਰ ਨਾਲ ਕਹਿਣਾ,
ਧੰਨ ਨਿਰੰਕਾਰ ਜੀ ।

ਸਾਧਸੰਗਤ, ਕਰੀਬ ਇਕ ਸਾਲ ਦੇ ਬਾਦ ਇਸ 62ਵੇਂ

ਸੰਤ ਸਮਾਗਮ ਵਿਚ ਇਸੀ ਸਥਾਨ ਤੇ ਆਪ ਸਾਰੇ ਹਾਜ਼ਰ ਹੋਏ ਹੋ, ਪਿਛਲੇ ਸਾਲ ਵੀ (51ਵੇਂ ਸੰਤ ਸਮਾਗਮ ਦੇ ਅਵਸਰ ਤੇ) ਜਿਸ ਤਰ੍ਹਾਂ ਨਾਲ ਸਾਰੇ ਇਥੇ ਹਾਜ਼ਰ ਹੋਏ ਅਤੇ ਸੁੰਦਰ ਵਾਤਾਵਰਣ ਬਣਿਆ। ਲਗਾਤਾਰ ਹਰ ਸਾਲ ਜਦੋਂ ਵੀ ਇਹ ਮੌਕਾ ਬਣਦਾ ਹੈ, ਜਿਸਦੀ ਇੰਤਜ਼ਾਰ ਵਿਚ ਸੰਤਜਨ ਆਪਣੇ ਹਿਰਦਿਆਂ ਵਿਚ ਅਜਿਹੇ ਭਾਵ ਰੱਖਦੇ ਹਨ ਕਿ ਹਮੇਸ਼ਾਂ ਹੀ ਅਜਿਹਾ ਸੁੰਦਰ ਵਾਤਾਵਰਣ ਜਿਥੇ ਢੱਪੇ-ਢਪਰੇ ਫੁੱਲਾਂ ਦੀ ਮਹਿਕ ਸਥਾਪਿਤ ਹੁੰਦੀ ਹੈ, ਭਾਵ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ, ਅਲਗ-ਅਲਗ ਪ੍ਰਾਂਤਾਂ ਤੋਂ ਚਲ ਕੇ ਆਏ, ਭਿੰਨ-ਭਿੰਨ ਸੰਸਕ੍ਰਿਤੀਆਂ ਵਾਲੇ ਇਕ ਹੀ ਆਵਾਜ਼, ਇਕ ਹੀ ਪਿਆਰ ਦਾ ਤਰਾਨਾ ਗਾਂਦੇ ਤਾਂ ਅਸੀ ਕਹਾਂਗੇ ਕਿ ਬਹੁਤ ਲੋਕਾਂ ਨੇ ਗਾਇਆ ਲੇਕਿਨ ਤਰਾਨਾ ਇਕ ਹੀ ਸੀ ਕਿਉਂਕਿ ਸਾਰਿਆਂ ਵਿਚ ਹੀ ਪਿਆਰ ਦਾ, ਮਾਨਵਤਾ ਦਾ ਸੰਦੇਸ਼ ਸੀ, ਇਕ ਪ੍ਰਭੂ-ਪਰਮਾਤਮਾ, ਨਿਰੰਕਾਰ ਨੂੰ ਹੀ ਜੀਵਨ ਵਿਚ ਉਜਾਗਰ ਕੀਤਾ ਜਾ ਰਿਹਾ ਸੀ। ਜਿਸ ਚੀਜ਼ ਦੀ ਅੱਜ ਜ਼ਰੂਰਤ ਹੈ ਸੰਸਾਰ ਭਰ ਨੂੰ, ਉਸੇ ਦਾ ਜ਼ਿਕਰ ਕੀਤਾ ਜਾ ਰਿਹਾ ਸੀ। ਆਪਨੇ ਅਨੇਕਾਂ ਰੂਪਾਂ ਵਿਚ ਇਹ ਭਾਵ ਸੁਣੇ। ਕਈ ਜੋ ਅਨੇਕਾਂ ਰੂਪਾਂ ਵਿਚ ਜਿੰਮੇਦਾਰੀਆਂ ਦੇਸ਼ ਦੇ ਲਈ, ਸਮਾਜ ਦੇ ਲਈ ਨਿਭਾ ਰਹੇ ਹਨ, ਉਨ੍ਹਾਂ ਨੇ ਵੀ ਇਸ ਤੇ ਆਧਾਰਤ ਆਪਣੇ ਭਾਵ ਰੱਖੇ।

ਅੱਜ ਜ਼ਰੂਰਤ ਹੈ ਕਿ ਜਿਸ ਪਾਸੇ ਇਨਸਾਨ ਦਾ ਮੁਖ

ਆਏ ਅਤੇ ਅੱਜ ਵੀ ਜਾ ਰਹੇ ਹਨ। ਹੋਣ ਨੂੰ ਤਾਂ ਅਸੀ ਇਹ ਮਹਿਸੂਸ ਕਰਦੇ ਹਾਂ ਕਿ ਅਲਗ-ਅਲਗ ਗੀਤ ਬੋਲੇ ਜਾ ਰਹੇ ਹਨ, ਅਲਗ-ਅਲਗ ਤਰਜ਼ਾਂ ਤੇ ਭਜਨ ਗਾਏ ਜਾ ਰਹੇ ਹਨ, ਅਲਗ-ਅਲਗ ਰੂਪਾਂ ਵਿਚ ਭਾਵ ਸਥਦਾਂ ਰਾਹੀ ਰੱਖੇ ਜਾ ਰਹੇ ਹਨ ਲੇਕਿਨ ਇਕ ਹੀ ਆਵਾਜ਼ ਦੀ ਗੱਲ ਹੋ ਰਹੀ ਹੈ, ਇਕ ਹੀ ਤਰਾਨੇ ਦੀ ਗੱਲ ਹੋ ਰਹੀ ਹੈ ਵਰਨਾ ਅੱਜ ਕਰੀਬ ਸੱਤ ਘੰਟੇ ਤੋਂ ਉਪਰ ਹੋ ਗਏ ਹੋਣਗੇ ਇਸ ਸਤਿਸੰਗ ਨੂੰ ਚਲਦੇ ਹੋਏ; ਕਈਆਂ ਨੂੰ ਮੌਕਾ ਮਿਲਿਆ ਆ ਕੇ ਆਪਣੀ ਗੱਲ ਕਹਿਣ ਦਾ। ਉਸ ਹਿਸਾਬ ਨਾਲ ਹੈ ਚੁੱਕਾ ਹੈ, ਜੋ ਦਿਸ਼ਾ ਇਨਸਾਨ ਲੈ ਚੁੱਕਿਆ ਹੈ, ਜੈਸੀ ਫ਼ਿਤਰਤ ਇਨਸਾਨ ਦੀ ਬਣ ਚੁੱਕੀ ਹੈ, ਜਿਸ ਪਾਸੇ ਇਸਦੇ ਕਦਮ ਵੱਧ ਰਹੇ ਹਨ, ਉਸਦੇ ਨਤੀਜੇ ਵੀ ਸਾਡੇ ਸਾਹਮਣੇ ਆ ਰਹੇ ਹਨ। ਮਹਾਂਪੁਰਸ਼-ਸੰਤਜਨ ਇਹੀ ਭਾਵ ਮਨ ਵਿਚ ਲਏ ਹੋਏ ਸੰਦੇਸ਼ ਦੇਂਦੇ ਹਨ ਕਿ ਜਿਸ ਪਾਸੇ ਇਨਸਾਨ ਨੇ ਮੁਖ ਕੀਤਾ ਹੋਇਆ ਹੈ, ਉਹ ਕਲਿਆਣਕਾਰੀ ਨਹੀਂ ਹੈ। ਉਸ ਪਾਸੇ ਕਦਮ ਵਧਾਉਣ ਨਾਲ ਉਸਦਾ ਕੋਈ ਭਲਾ ਹੋਣ ਵਾਲਾ ਨਹੀਂ ਹੈ, ਇਸਲਈ ਕਦਮ ਉਸ ਪਾਸੇ ਵਧਣ ਜਿਸ ਦੇ ਕਾਰਣ

ਅਪਣਾ ਵੀ ਭਲਾ ਹੋਵੇ ਅਤੇ ਸਾਰੇ ਸੰਸਾਰ ਨੂੰ ਵੀ ਸੁੰਦਰ ਰੂਪ ਦੇਣ ਵਿਚ ਸਹਾਇਤਾ ਪ੍ਰਾਪਤ ਹੋਵੇ। ਇਹ ਸੰਦੇਸ਼ ਮਹਾਂਪੁਰਸ਼-ਸੰਤਜਨ-ਭਗਤਜਨ ਦੇ ਰਹੇ ਹਨ ਕਿਉਂਕਿ ਇਨਸਾਨ ਦਾ ਮਿਆਰ (ਪੱਧਰ) ਉਥੇ ਤਕ ਪਹੁੰਚ ਚੁੱਕਿਆ ਹੈ, **ਜਿੰਨੀ ਕਠੋਰਤਾ-ਨਿਰਦੈਤਾ ਅਸੀਂ ਦੇਖ ਰਹੇ ਹਾਂ, ਵਾਕਈ ਉਹ ਸਾਬਿਤ ਕਰਦਾ ਹੈ ਕਿ ਸਾਰੇ ਸੰਸਾਰ ਵਿਚ ਅਜਿਹੀ ਕਮਜ਼ੋਰੀ ਆਉਂਦੀ ਚਲੀ ਜਾ ਰਹੀ ਹੈ, ਜੋ ਸਾਨੂੰ ਵਿਨਾਸ਼ ਦੇ ਵਲ ਲੈ ਜਾ ਰਹੀ ਹੈ। ਅਸੀਂ ਗਿਣਤੀ ਦੇ ਸਵਾਸਾਂ ਨੂੰ ਵਿਅਰਥ ਵਿਚ ਗਵਾ ਰਹੇ ਹਾਂ।** ਇਹ ਕਿਹੋ ਜਿਹੀ ਸਮਝਦਾਰੀ ਹੈ? ਇਸਲਈ ਭਗਤਜਨ-ਸੰਤਜਨ-ਮਹਾਂਪੁਰਸ਼ ਇਹੀ ਭਾਵ ਮਨ ਵਿਚ ਰੱਖਦੇ ਹੋਏ ਸੰਦੇਸ਼ ਦੇਂਦੇ ਹਨ ਕਿ ਇਨ੍ਹਾਂ ਸਵਾਸਾਂ ਦੀ ਕੀਮਤ ਪਾਣੀ ਹੈ। ਅਨੇਕਾਂ ਤਰੱਕੀਆਂ ਹੋ ਰਹੀਆਂ ਹਨ, ਅਨੇਕਾਂ ਮੈਦਾਨ ਮਾਰੇ ਜਾ ਰਹੇ ਹਨ, ਲੇਕਿਨ ਜੋ ਸ਼ਾਇਦ ਲੱਖਾਂ ਨੇ ਬਿਆਨ ਕੀਤਾ ਕਿ —

ਆਦਮੀ ਕੋ ਹੀ ਮਯੱਸਰ ਨਹੀਂ ਹੈ ਇਨਸਾਂ ਹੋਨਾ।

ਇਨਸਾਨ ਦੇ ਰੂਪ ਵਿਚ ਪੈਦਾ ਹੋਏ, ਅੰਨੇ ਕੀਮਤੀ ਸਵਾਸ ਮਾਲਿਕ ਨੇ ਬਖਸ਼ੇ ਲੇਕਿਨ ਇਨਸਾਨ ਨੇ ਇਸਦੀ ਕੀਮਤ ਕੀ ਪਾਈ ? ਇਨਸਾਨ ਦਾ ਇਹ ਫਰਕ ਹਰ ਯੁਗ ਵਿਚ ਰਿਹਾ ਹੈ।

ਅੱਜ ਕਵਿਤਾ ਅਤੇ ਵਿਖਿਆਨਾਂ ਦੇ ਰੂਪ ਵਿਚ ਵੀ ਅਨੇਕਾਂ ਭਗਤਾਂ ਦੇ ਨਾਂ ਲਏ ਗਏ। ਕੋਈ ਦੁਆਪਰ ਵਿਚ ਹੋਏ, ਕੋਈ ਕਲਯੁਗ ਵਿਚ। ਇਸੀ ਸਦੀ ਵਿਚ ਹੋਏ ਸੰਤਾਂ ਦਾ ਵੀ ਜ਼ਿਕਰ ਹੋਇਆ। ਹਰ ਕਿਸੇ ਨੇ ਮਾਨਵ ਨੂੰ ਇਹੀ ਸੰਦੇਸ਼ ਆਪਣੇ ਆਪਣੇ ਸਮੇ ਤੇ ਦਿੱਤਾ ਸੀ ਕਿ ਇਨਸਾਨ ਤੂੰ ਜਾਗਰੂਕ ਹੋ ਜਾ। ਤੇਰੀ ਜੋ ਅਸਲੀ ਪਹਿਚਾਣ ਹੈ, ਉਹ ਕਿਧਰੇ ਖੋਹ ਗਈ ਹੈ ਇਸਲਈ ਕਈ ਵਾਰ ਇਹ ਵੀ ਕਹਿਣਾ ਪੈਂਦਾ ਹੈ ਕਿ ਅਸੀਂ ਹੋਰਾਂ ਦੇ ਬਾਰੇ ਵਿਚ ਤਾਂ ਜਾਣਕਾਰੀ ਰੱਖਦੇ ਹਾਂ ਲੇਕਿਨ ਆਪਣੇ ਆਪਦੀ ਪਹਿਚਾਣ ਸਾਨੂੰ ਨਹੀ ਹੋ ਪਾਈ। ਆਪਣਾ ਹੀ ਅਸਲੀ ਰੂਪ **ਅਜੇ ਸਥਾਪਿਤ ਨਹੀ ਹੋ ਸਕਿਆ। ਅਸੀ ਜੀਵਨ ਦੇ 20-40-60-70** ਸਾਲ ਬਿਤਾ ਦਿੱਤੇ ਲੇਕਿਨ ਅਪਣੀ ਅਸਲੀ ਹੋਂਦ ਜਾਣੀ ਹੀ ਨਹੀਂ ਹੈ।

ਹਰ ਗੁਰੂ-ਪੀਰ-ਪੈਗੰਬਰ ਦੀ ਇਹੀ ਰਾਇ ਹੈ ਕਿ ਅਸੀ ਐਨਾ ਸਮਾਂ ਬਿਤਾ ਦੇਦੇ ਹਾਂ ਲੇਕਿਨ ਸਾਡਾ ਅਸਲੀ ਰੂਪ ਸਥਾਪਿਤ ਨਹੀ ਹੋ ਸਕਿਆ। ਇਸਲਈ ਕਿਧਰੇ ਸਾਨੂੰ ਜਾਨਵਰਾਂ ਵਿਚ ਗਿਣਿਆ ਜਾਂਦਾ ਹੈ ਤਾਂ ਕਿਧਰੇ ਹੈਵਾਨਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਕਿਉਂਕਿ ਅਸੀਂ ਅਪਣੀ ਅਸਲੀ ਹੋਂਦ ਜਾਣੀ ਹੀ ਨਹੀਂ। **ਮਹਾਪੁਰਸ਼ ਚਾਹੁੰਦੇ ਹਨ ਕਿ ਉਹ ਜੋ ਅਸਲ ਹੈ, ਉਸਨੂੰ ਜਾਣ ਲਿਆ ਜਾਏ। ਇਸ ਤੋਂ ਪਹਿਲਾਂ ਕਿ ਸਵਾਸਾਂ ਦੀ ਲੜੀ ਟੁਟੇ, ਉਸ ਅਵਸਥਾ ਨੂੰ ਪ੍ਰਾਪਤ ਕਰ ਲਈਏ।** ਰੋਸ਼ਨੀ ਸਥਾਪਿਤ ਹੋ ਜਾਏ, ਨਜ਼ਰੀਆ ਬਣ ਜਾਏ, ਜਿਸਦੇ ਕਾਰਣ ਸਾਡਾ ਵੀ ਭਲਾ ਹੋ ਸਕੇ ਅਤੇ ਅਸੀਂ ਸੰਸਾਰ ਦੇ ਵਾਤਾਵਰਣ ਨੂੰ ਵੀ ਸੁੰਦਰ ਬਣਾ ਸਕੀਏ, ਸੋਭਾ ਦੇ ਪਾਤਰ ਬਣ ਸਕੀਏ, ਆਪਣਾ ਮੁੱਖ ਉਜਲਾ ਕਰ ਸਕੀਏ। ਸੰਸਾਰ ਵਿਚ ਆਣਾ ਆਉਣਾ ਸਫਲ ਕਰ ਸਕੀਏ। ਸੰਤਜਨ ਇਹ ਚੇਤਾਵਨੀ ਦੇਂਦੇ ਹਨ ਕਿ ਇਹ ਸਮਾਂ ਗਵਾਉਣ ਦੇ ਲਾਇਕ ਨਹੀ ਹੈ। ਅਸੀਂ ਇਸ ਦੀ ਕਦਰ ਕਰਨੀ ਹੈ। ਸਾਡਾ ਜੋ ਆਪਣਾ ਆਪ ਖੋਹ ਚੁੱਕਿਆ ਹੈ, ਉਸਨੂੰ ਅਸੀਂ ਲੱਭਣਾ ਹੈ। ਜਿਵੇਂ ਕਿਸੇ ਸ਼ਾਇਰ ਨੇ ਕਿਹਾ ਹੈ ਕਿ —

ਬੇਲਚਾ ਚਲਾਓ ਖੋਦੋ ਉਸ ਜ਼ਮੀਨ ਕੋ।
ਮੈਂ ਕਹਾਂ ਪਰ ਦਫ਼ਨ ਹੂੰ ਪਤਾ ਤੋ ਚਲੇ।

ਸਾਡੀ ਮੰਜ਼ਿਲ ਕੀ ਹੈ ਉਸ ਤੋਂ ਹੀ ਅਨਜਾਣ ਹਾਂ। ਦੁਨਿਆਵੀ ਪ੍ਰਾਪਤੀਆਂ ਸਾਡੀਆਂ ਮੰਜ਼ਿਲਾ ਬਣ ਗਈਆਂ ਹਨ। ਉਸਦੇ ਲਈ ਕਿਸੇ ਨੂੰ ਡੇਗਣਾ ਪਏ ਜਾਂ ਕਿਸੇ ਮਾਸੂਮ ਦੀ ਜਾਨ ਲੈਣੀ ਪਏ ਤਾਂ ਲੈ ਲੈਂਦੇ ਹਾਂ। ਇਸ ਤਰ੍ਹਾਂ ਇਹ ਸੰਸਾਰ ਨੂੰ ਦੇਨ ਦੇਂਦੇ ਚਲੇ ਜਾ ਰਹੇ ਹਾਂ। **ਸਾਡੀ ਮੰਜ਼ਿਲ ਕਿਹੜੀ ਹੈ, ਇਨਸਾਨ ਜਾਂ ਤਾਂ ਇਸਨੂੰ ਮਹੱਤਤਾ ਦੇਂਦਾ ਨਹੀ ਹੈ, ਜੇ ਦੇਂਦਾ ਹੈ ਤਾਂ ਲਾਈਨ ਵਿਚ ਸਭ ਤੋਂ ਪਿਛੇ ਉਸਦਾ ਨੰਬਰ ਹੋਏਗਾ।** ਇਨਸਾਨ ਇਸ ਤਰ੍ਹਾਂ ਨਾਲ ਇਸ ਸੰਸਾਰ ਵਿਚ ਵਿਚਰਣ ਕਰਦਾ ਆ ਰਿਹਾ ਹੈ।

ਅੱਜ ਕਿੰਨੀ ਤਰੱਕੀ ਹੋ ਗਈ ਹੈ। ਹਰ ਯੁਗ ਵਿਚ ਅਲਗ-ਅਲਗ ਤਰ੍ਹਾਂ ਦੇ ਸਾਮਾਨ ਇਨਸਾਨ ਦੇ ਕੋਲ ਰਹੇ ਜਿਨ੍ਹਾਂ ਦਾ ਭੋਗ ਇਨਸਾਨ ਕਰਦਾ ਆ ਰਿਹਾ ਹੈ। ਉਸ ਵਿਚ ਤਾਂ ਅੰਤਰ ਹੋਵੇਗਾ ਲੇਕਿਨ ਜੋ ਮੂਲ ਹੈ ਉਹ ਤਾਂ ਉਹੀ ਹੈ। ਕੀ ਸਤਿਯੁਗ ਵਿਚ



ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਨਹੀਂ ਸੀ? ਕੀ ਤ੍ਰੇਤਾ ਵਿਚ ਨਹੀਂ ਸੀ? ਹਰ ਯੁਗ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਨਸਾਨ ਦੀ ਫ਼ਿਤਰਤ ਵਿਚ ਰਹੇ ਹਨ। ਇਸਲਈ ਹਰ ਯੁਗ ਵਿਚ ਇਹ ਸੰਦੇਸ਼ ਦੇਣਾ ਪਏਗਾ। ਅੱਜ ਅਸੀ ਉਪਨਿਸਦਾਂ ਦੀ ਬਾਣੀ ਤੋਂ ਸੁਣ ਰਹੇ ਸੀ, ਕਿਧਰੇ ਭਗਵਤ ਤੋਂ ਸੁਣ ਰਹੇ ਸੀ, ਕਿਧਰੇ ਸ੍ਰੀ ਗੁਰੂਨਾਨਕ ਦੇਵ ਜੀ ਨੂੰ ਸੁਣ ਰਹੇ ਸੀ, ਕਿਧਰੇ ਤੁਕਾਰਾਮ ਜੀ ਦੇ ਸੰਦੇਸ਼, ਕਿਧਰੇ ਕਬੀਰ ਜੀ, ਕਿਧਰੇ ਬੁੱਲ੍ਹੇਸ਼ਾਹ ਜੀ ; ਇਹ ਸਭ ਅਲਗ-ਅਲਗ ਸਮੇਂ ਵਿਚ ਸੰਸਾਰ ਵਿਚ ਆਏ। ਹਜ਼ਰਤ ਮੁਹੰਮਦ ਸਾਹਿਬ ਦਾ ਵੀ ਪੈਗਾਮ ਅੱਜ ਸਾਨੂੰ ਸੁਣਨ ਨੂੰ ਮਿਲਿਆ। ਜਿਵੇਂ ਕਿਹਾ ਹੈ ਕਿ ਇਨਸਾਨ ਪੈਦਾ ਹੁੰਦਾ ਹੈ, ਉਸਦਾ ਜਿਥੇ ਜਿਸਮ ਹੈ, ਮਨ ਹੈ, ਉਥੇ ਹੀ ਦਿਮਾਗ਼ ਵੀ ਬਖ਼ਸ਼ਿਆ ਹੈ ਮਾਲਿਕ ਨੇ। ਇਸ ਤਰ੍ਹਾਂ ਸਰੀਰ ਵਿਚ ਵਿਚਰਣ ਕਰਦੇ ਹਨ ਇਨਸਾਨ ਨਾਲ ਹੀ ਆਤਮਾ ਦਾ ਵੀ ਉਦੱਧਾਰ ਕਰਨ ਦੀ ਗੱਲ ਹਰ ਯੁਗ ਵਿਚ ਕਹੀ ਗਈ ਹੈ। ਇਸ ਮਨ ਵਿਚ ਜੋ ਵਿਪਰੀਤ ਭਾਵਨਾਵਾਂ ਹਨ, ਉਨ੍ਹਾਂ ਤੋਂ ਛੁਟਕਾਰਾ ਪਾਣ ਲਈ, ਜਾਗ੍ਰਤੀ ਲਿਆਉਣ ਲਈ ਸੰਤਜਨ-ਭਗਤਜਨ ਇਹੀ ਸੰਦੇਸ਼ ਦੇਂਦੇ ਆ ਰਹੇ ਹਨ ਕਿ ਹਰ ਇਨਸਾਨ ਇਸ ਗੱਲ ਨੂੰ ਜੇ ਸਮਝ ਜਾਂਦਾ ਹੈ ਜੀਵਨ ਕਾਲ ਵਿਚ ਤਾਂ ਉਸ ਵਿਚ ਉਸਦਾ ਵੀ ਭਲਾ ਹੁੰਦਾ ਹੈ ਅਤੇ ਉਹ ਹੋਰਾਂ ਦਾ ਵੀ ਭਲਾ ਕਰਨ ਵਿਚ ਅਪਣਾ ਯੋਗਦਾਨ ਦੇ ਸਕੇਗਾ। ਇਸ ਤਰ੍ਹਾਂ ਇਹ ਸੰਦੇਸ਼ ਮਾਇਨੇ ਰਖਦਾ ਹੈ।

ਇਹ ਜੋ ਬੋਲ ਬੋਲੇ ਜਾਂਦੇ ਹਨ, ਇਹ ਕੋਈ ਕੰਨਾਂ ਰਾਹੀਂ ਸੁਣਨ ਦੇ ਲਈ ਨਹੀਂ ਹਨ। ਇਨ੍ਹਾਂ ਬੋਲਾਂ ਦਾ ਮਹੱਤਵ ਹੈ। ਇਹ ਕਲਿਆਣਕਾਰੀ ਹਨ। ਇਹ ਸਿਰਫ਼ ਸੁਣਨ ਦੇ ਲਈ ਨਹੀ ਬਲਕਿ ਇਨ੍ਹਾਂ ਤੇ ਚਲਣਾ ਜ਼ਰੂਰੀ ਦੱਸਿਆ ਗਿਆ ਹੈ। ਅਸੀ ਬਚਨ ਸੁਣੇ ਵੀ ਅਤੇ ਉਸ ਪਾਸੇ ਅਪਣੇ ਕਦਮ ਵੀ ਵਧਾਏ। **ਜਿਸਨੇ ਨਦੀ ਚੋਂ ਜਲ ਪੀ ਲਿਆ, ਉਸਨੇ ਅਪਣੀ ਪਿਆਸ ਬੁਝਾ ਲਈ। ਜਿਸਨੇ ਉਸ ਜਲ ਨੂੰ ਅਪਣੇ ਸਰੀਰ ਤੇ ਪਾਇਆ ਤਾਂ ਅਪਣੇ ਸਰੀਰ ਦੀ ਗਰਮੀ ਦੂਰ ਕਰ ਲਈ। ਹੁਣ ਨਿਰਭਰ**

ਇਨਸਾਨ ਤੇ ਕਰਦਾ ਹੈ ਕਿ ਉਸਨੇ ਅਪਣੇ ਸਰੀਰ ਨੂੰ ਸਰੋਵਰ ਵਿਚ ਡੁਬੋਣਾ ਹੈ ਕਿ ਨਹੀਂ ? ਉਸਨੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਨਾ ਹੈ ਕਿ ਨਹੀਂ ? ਉਸਨੇ ਅਭਿਮਾਨ ਨੂੰ ਛੱਡ ਕੇ ਨਿਮਰਤਾ ਨੂੰ ਅਪਨਾਣਾ ਹੈ ਕਿ ਨਹੀਂ ? ਉਸਨੇ ਜਾਨਵਰਾਂ ਅਤੇ ਹੈਵਾਨਾਂ ਵਾਲੇ ਰਸਤੇ ਨੂੰ ਛੱਡਣਾ ਹੈ ਕਿ ਨਹੀਂ? ਇਨਸਾਨੀਅਤ ਦੀ ਰਾਹ ਤੇ ਚਲਣਾ ਹੈ ਜਾਂ ਨਹੀਂ ? ਇਹ ਇਨਸਾਨਾਂ ਤੇ ਨਿਰਭਰ ਹੈ ਕਿ ਉਸ ਨੇ ਕਿਸ ਰਾਹ ਤੇ ਚਲਣਾ ਹੈ ? ਇਹ ਵੀ ਇਤਿਹਾਸ ਦੱਸ ਰਹੇ ਹਨ ਕਿ ਕਿਸ-ਕਿਸ ਨੇ ਕਿਹੜਾ ਰਾਹ ਅਪਨਾਇਆ। ਜੋ Choice (ਵਿਕਲਪ) ਦਿੱਤੀ ਗਈ ਇਨਸਾਨ ਨੂੰ ਤਾਂ ਕਿਸ ਨੇ ਕੀ ਚੁਣਿਆ ਅਤੇ ਕਿਸ-ਕਿਸ ਪਾਸੇ ਵਧੇ ਅਤੇ ਉਸਦੇ ਕੀ ਨਤੀਜੇ ਨਿਕਲੇ ? ਰਾਵਣ ਨੇ ਜੋ ਰਾਹ ਚੁਣਿਆ, ਕੰਸ ਨੇ ਜੋ ਰਾਹ ਚੁਣਿਆ, ਹਿਰਣਾਕਸ਼ਯਪ ਨੇ ਕੀ ਚੁਣਿਆ ? ਇਸਦੇ ਵਿਪਰੀਤ ਹਨੁਮਾਨ ਨੇ ਕੀ ਚੁਣਿਆ, ਸ਼ਬਰੀ ਨੇ ਕੀ ਚੁਣਿਆ, ਮੀਰਾ ਨੇ ਕੀ ਚੁਣਿਆ ? ਉਨ੍ਹਾਂ ਦੇ ਹਿੱਸੇ ਜੋ ਆਇਆ ਉਹ ਵੀ ਸਾਡੇ ਸਾਹਮਣੇ ਹੈ। ਇਕ ਸਤਿਕਾਰ ਦੇ ਪਾਤਰ ਤਾਂ ਦੂਜੇ ਧਿਤਕਾਰ ਦੇ ਪਾਤਰ। ਇਕ ਯਸ਼ ਪਾ ਰਹੇ ਹਨ ਅਤੇ ਦੂਜੇ ਉਸ ਸ਼੍ਰੇਣੀ ਵਿਚ ਹਨ ਜਿਨ੍ਹਾਂ ਨੂੰ ਅਸੀ ਨੀਵੀ ਨਜ਼ਰ ਨਾਲ ਦੇਖਦੇ ਹਾਂ। ਫਿਰ ਵੀ ਇਨਸਾਨ ਉਹ ਚੁਣ ਰਿਹਾ ਹੈ ਜੋ ਨੁਕਸਾਨ ਦਾ ਕਾਰਣ ਹੈ। ਇਹ ਕਿਹੜੀ ਸਮਝਦਾਰੀ ਹੈ?

ਇਹੀ ਕੁਝ ਤਾਂ ਇਨਸਾਨ ਕਰਦਾ ਚਲਿਆ ਆ ਰਿਹਾ ਹੈ। ਇਹ ਇਸ ਮਾਣ-ਗੁਮਾਨ ਵਿਚ ਹੈ ਕਿ ਉਹ ਬਹੁਤ ਸਮਝਦਾਰ ਹੈ। ਕਦਮ-ਕਦਮ ਤੇ ਨਾ-ਸਮਝੀ ਦੇ ਪ੍ਰਮਾਣ ਦੇ ਰਿਹਾ ਹੈ। ਕਿੰਨੀ ਨਾਦਾਨੀ ਇਹ ਸਿੱਧ ਕਰ ਰਿਹਾ ਹੈ ਲੇਕਿਨ ਮਨ ਵਿਚ ਉਸਦੇ ਐਨਾ ਵੱਡਾ ਭਰਮ ਪਲਦਾ ਹੈ ਕਿ **ਮੈਂ ਕਿੰਨਾ ਸੁਝਵਾਨ ਹਾਂ, ਕਿੰਨਾ ਸਮਝਦਾਰ ਹਾਂ, ਕਿੰਨਾ ਲਿਆਕਤ ਵਾਲਾ ਹਾਂ ਇਸਲਈ ਇਹ ਆਇਨਾ ਵੀ ਸੰਤਜਨ ਉਠਾਂਦੇ ਹਨ ਕਿ ਤੂੰ ਐਨੇ ਵੱਡੇ ਭਰਮ ਵਿਚ ਸਾਰੀ ਉਮਰ ਬਿਤਾ ਦੇਂਦਾ ਹੈ ਕਿ ਤੂੰ ਵੱਡਾ ਸਮਝਦਾਰ ਹੈਂ ਲੇਕਿਨ ਤੇਰੇ ਕਰਮ ਇਹ ਪ੍ਰਮਾਣਿਤ ਨਹੀ ਕਰ ਰਹੇ ਕਿ ਤੇਰਾ ਰੂਪ ਇਨਸਾਨ ਦਾ ਹੈ।** ਇਹ ਆਇਨਾ (ਦਰਪਣ) ਮਹਾਂਪੁਰਸ਼

ਇਨਸਾਨ ਦੇ ਸਾਹਮਣੇ ਰਖਦੇ ਆ ਰਹੇ ਹਨ। ਸ਼ੀਸ਼ਾ ਜੋ ਮਹਾਂਪੁਰਸ਼ਾਂ ਨੇ ਵਾਰ-ਵਾਰ ਰੱਖਿਆ, ਉਸ ਤੋਂ ਕਿਸਨੇ ਲਾਭ ਉਠਾਇਆ? ਕੀ ਆਪਣੇ ਚਿਹਰੇ ਦੇ ਦਾਗ ਨੂੰ ਮਿਟਾ ਲਿਆ? ਸ਼ੀਸ਼ਾ ਦੇਖ ਕੇ ਆਪਣੀਆਂ ਬਿਖਰੀਆਂ ਹੋਈਆਂ ਜ਼ੁਲਫਾਂ ਨੂੰ ਸੰਵਾਰ ਲਿਆ ?

ਮਹਾਂਪੁਰਸ਼-ਸੰਤਜਨ-ਭਗਤਜਨ ਇਹ ਸੰਦੇਸ਼ ਹਰ ਇਨਸਾਨ ਨੂੰ ਦੇਂਦੇ ਚਲੇ ਆ ਰਹੇ ਹਨ। ਇਨਸਾਨਾਂ ਦੀ ਗਿਣਤੀ ਤਾਂ ਬਹੁਤ ਹੈ—

ਇਸ ਨਏ ਜ਼ਮਾਨੇ ਕੇ ਆਦਮੀ ਅਧੂਰੇ ਹੈਂ,
ਸੂਰਤੇਂ ਤੋ ਮਿਲਤੀ ਹੈਂ ਸੀਰਤੇਂ ਨਹੀਂ ਮਿਲਤੀ।

ਸੀਰਤਾਂ ਜੋ ਮਹਾਂਪੁਰਸ਼ਾਂ ਨੇ ਚਾਹਿਆ ਕਿ ਇਨਸਾਨ ਵਾਲੀਆਂ ਹੋਣ, ਉਹ ਸੀਰਤਾਂ ਨਹੀਂ ਮਿਲਦੀਆਂ। ਇਕ

ਸੂਰਤ ਅਤੇ ਸੀਰਤ ਵਿਚ ਸਿਰਫ ਮਾਤਰਾ ਦਾ ਫਰਕ ਨਹੀਂ ਹੈ। ਇਸ ਵਿਚ ਬਹੁਤ ਵੱਡਾ ਫਰਕ ਹੈ। ਇਨਸਾਨ ਦੇ ਰੂਪ ਵਿਚ ਸ਼ਕਲ ਮਿਲੀ ਹੈ, ਮੁਬਾਰਕ ਹੈ। ਫ਼ਿਤਰਤ ਵੀ ਇਨਸਾਨਾਂ ਵਾਲੀ ਬਣ ਜਾਏ। ਚਾਲ ਵੀ ਇਨਸਾਨਾਂ ਵਾਲੀ ਬਣ ਜਾਏ।

ਲਾਈਨ ਕਿਧਰੇ ਪੜ੍ਹਨ ਨੂੰ ਮਿਲੀ ਜਿਸ ਵਿਚ ਲਿਖਿਆ ਸੀ ਕਿ ਸੂਰਤਾਂ ਤਾਂ ਮਿਲਦੀਆਂ ਹਨ ਲੇਕਿਨ ਸੀਰਤ ਜੋ ਅਸਲੀ ਪਹਿਚਾਨ ਇਨਸਾਨ ਦੀ ਬਣਦੀ ਹੈ, ਉਹ ਸੀਰਤ ਨਹੀਂ ਮਿਲਦੀ ਹੈ। ਸੂਰਤ ਅਤੇ ਸੀਰਤ ਵਿਚ ਸਿਰਫ ਮਾਤਰਾ ਦਾ ਫਰਕ ਨਹੀਂ ਹੈ ਇਸ ਵਿਚ ਬਹੁਤ ਵੱਡਾ ਫਰਕ ਹੈ। ਇਨਸਾਨ ਦੇ ਰੂਪ ਵਿਚ ਸ਼ਕਲ ਮਿਲੀ ਹੈ, ਮੁਬਾਰਕ ਹੈ। ਫ਼ਿਤਰਤ ਵੀ ਇਨਸਾਨਾਂ ਵਾਲੀ ਬਣ ਜਾਏ, ਚਾਲ ਵੀ ਇਨਸਾਨਾਂ ਵਾਲੀ ਬਣ ਜਾਏ। ਫਿਰ ਉਹੀ

ਸ਼ਾਇਰ ਦਾ ਸਿਮਰ ਦਾਸ ਪਿਛਲੇ 29 ਸਾਲਾਂ ਤੋਂ ਕਿੰਨੀ ਵਾਰ ਦੁਹਰਾ ਚੁੱਕਿਆ ਹੈ –

ਹੈਰਤ ਹੈ ਇਸ ਜ਼ਮੀ ਪਰ ਚਲਨਾ ਨ ਆਇਆ ਹਮੇਂ
ਹਾਲਾਂਕਿ ਨਕਸ਼ੇ ਪਾ ਹਮਾਰੇ ਚਾਂਦ ਪਰ ਭੀ ਹੈਂ।

ਉਹੀ ਸੀਰਤ ਦੀ ਗੱਲ ਕਿ ਅਸੀਂ ਚੰਨ ਤੇ ਤਾਂ ਪਹੁੰਚ ਗਏ ਲੇਕਿਨ ਸਾਨੂੰ ਜ਼ਮੀਨ ਤੇ ਚਲਣਾ ਨਹੀਂ ਆਇਆ। ਭਾਵ ਜ਼ਮੀਨ ਤੇ ਇਨਸਾਨਾਂ ਦੀ ਬਹੁਤਾਤ ਤਾਂ ਹੈ ਲੇਕਿਨ ਜ਼ਮੀਨ ਤੇ ਚਲਣਾ ਨਹੀਂ ਆਇਆ। ਪਹੁੰਚਣ ਨੂੰ ਤਾਂ ਚੰਨ ਤੇ ਪਹੁੰਚ ਗਏ। ਐਨੀ ਉਚਾਈਆ ਨੂੰ ਛੂਹਣਾ ਸਾਡਾ ਮੁਬਾਰਕ ਲੇਕਿਨ ਧਰਤੀ, ਜਿਸ ਤੇ ਜਨਮ ਲੈਂਦੇ ਹਾਂ, ਜਿਸ ਇਨਸਾਨੀ ਰੂਪ ਵਿਚ ਸਾਨੂੰ ਮਾਲਿਕ ਨੇ ਜਨਮ ਦਿੱਤਾ ਹੈ, ਅਸੀਂ ਉਸ ਚਾਲ ਤੇ ਨਹੀਂ ਚਲੇ।

ਇਹ ਜੋ ਤਿੰਨ ਦਿਵਸੀ ਸਮਾਗਮ ਹੈ ਜਿਸਦਾ ਆਯੋਜਨ ਕੀਤਾ ਗਿਆ ਹੈ, ਇਸਦਾ ਇਹੀ ਮੰਤਵ ਹੈ। ਆਪ ਸਾਰਧਾਨ-ਸਬਧਾਨ ਤੋਂ ਚਲ ਕੇ ਆਏ ਹੋ, ਇਸ ਪਰਉਪਕਾਰ ਵਿਚ ਆਪਣਾ ਯੋਗਦਾਨ ਦੇਣ ਦੇ ਲਈ।

ਪਿਛਲੇ ਇਕ ਸਾਲ ਵਿਚ ਦਾਸ ਨੂੰ ਕਈ ਦੇਸ਼ਾਂ ਵਿਚ, ਪ੍ਰਾਂਤਾਂ ਵਿਚ ਜਾਣ ਦਾ ਮੌਕਾ ਮਿਲਿਆ, ਉਥੇ-ਉਥੇ ਭਗਤਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਨਾਲ ਹੀ ਇਹ ਸੰਦੇਸ਼, ਜੋ ਅੱਜ ਇਥੇ ਦਿੱਤਾ ਜਾ ਰਿਹਾ ਹੈ, ਸਥਾਨ-ਸਥਾਨ ਤੇ ਦਿੱਤਾ ਜਾ ਰਿਹਾ ਹੈ, ਉਸ ਵਿਚ ਵੀ ਯੋਗਦਾਨ ਦੇਣ ਦੇ ਮੌਕੇ ਮਿਲੇ ਹਨ। ਦਾਤਾਰ ਐਸੀ ਕ੍ਰਿਪਾ ਕਰੇ ਕਿ ਸਾਰੇ ਇਨਸਾਨ ਇਸ ਗੱਲ ਨੂੰ ਸਮਝ ਜਾਣ ਵਰਨਾ ਉਹ ਮਿਸਾਲ ਧਿਆਨ ਵਿਚ ਆਉਂਦੀ ਹੈ ਕਿ ਕਿਸੇ ਨੇ ਇਕ ਗਧੇ ਦੇ ਅੱਗੇ ਇਕ ਬਾਲਟੀ ਸ਼ਰਾਬ ਦੀ ਭਰ ਕੇ ਰੱਖ ਦਿੱਤੀ। ਨਾਲ ਹੀ ਇਕ ਪਾਣੀ ਦੀ ਬਾਲਟੀ ਰੱਖ ਦਿੱਤੀ। ਉਧਰੋਂ ਇਕ ਸ਼ਰਾਬੀ ਨੂੰ ਇਨਸਾਨ ਨੇ ਫੜਿਆ ਹੋਇਆ ਸੀ। ਉਹ ਨਸ਼ੇ ਵਿਚ ਧੁਤ ਸੀ। ਉਸਨੂੰ ਕਿਹਾ ਕਿ ਦੇਖੋ ਸਾਹਮਣੇ ਕੀ ਹੋ ਰਿਹਾ ਹੈ। ਸ਼ਰਾਬੀ ਕਹਿਣ ਲੱਗਾ ਕਿ ਦੇਖ ਰਿਹਾ ਹਾਂ ਕਿ ਇਕ ਬਾਲਟੀ ਸ਼ਰਾਬ ਦੀ ਅਤੇ ਇਕ ਪਾਣੀ ਦੀ। ਗਧੇ ਨੇ ਕੀ ਪੀਤਾ ? ਪਾਣੀ ਪੀਤਾ। ਇਸ ਤੋਂ ਤੂੰ ਕੀ ਸਬਕ ਸਿੱਖਿਆ?

ਸ਼ਰਾਬੀ ਬੋਲਿਆ – ਸਬਕ ਸਿੱਧਾ-ਸਿੱਧਾ ਹੈ ਕਿ ਜੋ ਸ਼ਰਾਬ ਨਹੀਂ ਪੀਂਦਾ ਉਹ ਗਧਾ ਹੁੰਦਾ ਹੈ।

ਇਸ ਤਰ੍ਹਾਂ ਇਨਸਾਨ ਸਹੀ ਸੀਖ ਸਿੱਖਣ ਨੂੰ ਤਿਆਰ ਨਹੀਂ ਹੁੰਦੇ ਅਤੇ ਨੁਕਸਾਨ ਹੁੰਦਾ ਚਲਾ ਜਾਂਦਾ ਹੈ। ਇਨਸਾਨ ਸਮਝਣ ਨੂੰ ਤਿਆਰ ਨਹੀਂ ਹੁੰਦੇ। ਸਥਾਨ-ਸਥਾਨ ਤੇ ਦੇਸ਼ ਭਰ ਵਿਚ ਇਹ ਸੰਦੇਸ਼ ਲਗਾਤਾਰ ਦਿੱਤਾ ਜਾ ਰਿਹਾ ਹੈ। ਵਿਸ਼ਵ ਦੇ ਹੋਰ ਵੀ ਅਨੇਕਾਂ ਮੁਲਕਾਂ ਵਿਚ ਇਹੀ ਸੰਦੇਸ਼ ਦਿੱਤਾ ਜਾ ਰਿਹਾ ਹੈ। ਪਿਛੇ ਵੀ ਜਦੋਂ ਇੰਗਲੈਂਡ ਗਏ ਤਾਂ ਉਥੇ ਵੀ ਜੋ ਪ੍ਰੋਗਰਾਮ ਹੋਇਆ, ਉਸਦੀ ਜੋ Theme (ਕੇਂਦਰੀ ਭਾਵ) ਰੱਖੀ ਗਈ ਸੀ ਉਹ Harmony (ਸਦਭਾਵਨਾ) ਤੇ ਆਧਾਰਤ ਸੀ। ਚਾਰੋਂ ਪਾਸੇ ਸਦਭਾਵਨਾ ਹੋਵੇ, ਸ਼ਾਂਤੀ ਹੋਵੇ ਇਹ ਤਦੇ ਸੰਭਵ ਹੋਵੇਗਾ ਜਦੋਂ ਅਸੀਂ ਇਨਸਾਨਾਂ ਦੀ ਤਰ੍ਹਾਂ ਜੀਵਾਂਗੇ ਵਰਨਾ ਇਹ ਸੰਭਵ ਨਹੀਂ ਹੈ। ਸਦਭਾਵਨਾ ਨੂੰ ਸਥਾਪਿਤ ਕਰਨ ਦੇ ਲਈ ਹਰ ਯੁਗ ਵਿਚ ਸੰਤਜਨ ਇਹ ਯੋਗਦਾਨ ਦੇਂਦੇ ਆਏ ਹਨ ਅਤੇ ਅੱਜ ਵੀ ਦੇ ਰਹੇ ਹਨ।

ਦਾਸ ਦੇਖ ਰਿਹਾ ਹੈ ਕਿ ਸਮਾਂ ਬਹੁਤ ਅੱਗੇ ਨਿਕਲ ਚੁੱਕਿਆ ਹੈ, ਇਸਲਈ ਦਾਸ ਇਨ੍ਹਾਂ ਸ਼ਬਦਾਂ ਨਾਲ ਹੀ ਆਪ ਤੋਂ ਇਜ਼ਾਜਤ ਚਾਹੇਗਾ। ਅੱਜ ਅਸੀਂ ਮਹਿਕ ਲਈ, ਅਜਿਹੇ ਸੁੰਦਰ ਭਾਵ ਭਿੰਨ-ਭਿੰਨ ਭਾਸ਼ਾਵਾਂ ਵਿਚ ਸੁਣੇ, ਇਹ ਜੋ ਬਾਕੀ ਦਾ ਸਮਾਂ ਹੈ ਅਸੀਂ ਇਸ ਤਰ੍ਹਾਂ ਨਾਲ ਹੀ ਆਨੰਦ ਲਵਾਂਗੇ, ਇਸ ਸੰਸਾਰ ਨੂੰ ਸੁੰਦਰ ਦੇਨ ਦੇਣ ਦੇ ਲਈ ਅਪਣੇ ਕਦਮ ਅੱਗੇ ਵਧਾਵਾਂਗੇ।

ਸਾਧਸੰਗਤ ਜੀ, ਧੰਨ ਨਿਰੰਕਾਰ।

(ਸੰਗ੍ਰਹਿਕਰਤਾ- **ਰਾਜਪਾਲ ਨਾਸਾ**)

ਸਤਿਗੁਰੂ ਬਾਬਾ ਜੀ ਦਾ ਵਿਸ਼ਵ ਦੇ ਨਾਂ ਸੰਦੇਸ਼

ਧਰਤੀ ਨੂੰ ਸਜਾਂਦੇ-ਸੰਵਾਰਦੇ ਚਲੇ ਜਾਈਏ

- ਨਿਰੰਕਾਰੀ ਬਾਬਾ ਜੀ

ਮਿਤੀ 14 ਨਵੰਬਰ 2009 (ਸ਼ਨੀਵਾਰ) ਨੂੰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਵਿਸ਼ਵ ਦੇ ਨਾਮ ਸੰਦੇਸ਼ ਪ੍ਰਸਾਰਿਤ ਕਰਦਿਆਂ ਹੋਇਆਂ ਫਰਮਾਇਆ –

ਸਾਧਸੰਗਤ ਜੀ, ਪ੍ਰੇਮ ਨਾਲ ਕਹਿਣਾ,

ਧੰਨ ਨਿਰੰਕਾਰ ।

ਸਾਧਸੰਗਤ, 62ਵੇਂ ਸਾਲਾਨਾ ਸੰਤ ਸਮਾਗਮ ਦੇ ਅਵਸਰ ਤੇ ਆਪ ਸਾਰੇ, ਪੇਮ ਦੇ ਹਰ ਹਿੱਸੇ ਤੋਂ ਅਤੇ ਵਿਸ਼ਵ ਦੇ ਅਨੇਕਾਂ ਮੁਲਕਾਂ ਤੋਂ ਇਥੇ ਪਹੁੰਚੇ ਹੋ। ਇਕ ਸਾਲ ਦੇ ਬਾਦ ਅਜਿਹਾ ਮੌਕਾ ਬਣਦਾ ਹੈ, ਜਦ ਕਿ ਆਪ ਸੰਤ ਜੋ ਸਾਰੇ-ਸਾਰਾ ਤੇ ਛਿਨ-ਛਿਨ ਹਿੱਸਿਆਂ ਵਿਚ ਰਹਿੰਦੇ ਹੋ, ਇਕ ਜਗ੍ਹਾ ਇਕੱਠੇ ਹੋ ਕੇ ਇਸ ਤਰ੍ਹਾ ਅਪਣੀ ਪਿਆਰ ਦਾਲੀ ਮਹਿਕ ਵੰਡਦੇ ਹੋ। ਓਸੇ ਨੂੰ ਫੈਲਾਵ ਦੇਣ ਦੇ ਲਈ ਆਪ ਅਪਣਾ ਮਹੱਤਵਪੂਰਣ ਯੋਗਦਾਨ ਦਿੰਦੇ ਹੋ।

ਅੱਜ ਵੀ ਇਨ੍ਹਾਂ ਮੈਦਾਨਾਂ ਵਿਚ ਆਪ ਸਾਰੇ ਪ੍ਰੇਮੀ ਉਤਸਾਹ ਦੇ ਨਾਲ ਹਾਜਰ ਹੋਏ ਹੋ, ਜਿਥੇ ਸੁੰਦਰ ਵਾਤਾਵਰਣ ਬਣਿਆ ਹੋਇਆ ਹੈ। ਜਿਸੇ ਚਾਰੋਂ ਪਾਸੇ ਪਿਆਰ ਦੀ ਮਹਿਕ ਮਹਿਸੂਸ ਹੋ ਰਹੀ ਹੈ, ਮਾਨਵਤਾ ਨੂੰ ਮਜ਼ਬੂਤੀ ਦੇਣ ਦੇ ਲਈ, ਪ੍ਰੇਮ-ਭਾਈਚਾਰੇ ਨੂੰ ਮਜ਼ਬੂਤੀ ਦੇਣ ਲਈ ਆਪਣੀ ਜਿੰਮੇਦਾਰੀਆਂ ਨੂੰ ਸਰਧਾਪੂਰਵਕ ਨਿਭਾਉਣ ਦੀਆਂ ਭਾਵਨਾਵਾਂ ਨੂੰ ਮਜ਼ਬੂਤ ਕਰਨ ਲਈ ਆਪ ਸਾਰੇ ਇਸ ਉਪਕਾਰ ਵਿਚ ਸ਼ਾਮਿਲ ਹੋ। ਇਸ ਮੰਤਵ ਨਾਲ ਆਪ ਸਾਰੇ ਇਥੇ ਪਹੁੰਚੇ ਹੋ। ਦਾਤਾਰ ਕ੍ਰਿਪਾ ਕਰੇ ਕਿ ਹਰ ਤਰ੍ਹਾਂ ਨਾਲ ਇਸ ਮੰਤਵ ਦੀ ਪੂਰਤੀ ਹੋ ਸਕੇ ਤਾਂਕਿ ਸਾਰਿਆਂ ਦੇ ਜੀਵਨ ਵਿਚ ਪ੍ਰੇਮ ਭਾਵ ਮਜ਼ਬੂਤ ਰਹੇ ਅਤੇ ਵਿਸ਼ਵ ਵਿਚ ਭਾਈਚਾਰੇ ਦੀ ਭਾਵਨਾ ਮਜਬੂਤ ਹੁੰਦੀ ਚਲੀ ਜਾਏ। ਜਿਨ੍ਹਾਂ ਹਾਲਾਤਾਂ ਚੋਂ ਸੰਸਾਰ ਗੁਜਰ ਰਿਹਾ ਹੈ ਇਹ ਕਿਸੇ ਤੋਂ ਛੁਪਿਆ ਨਹੀਂ ਹੈ। ਦੇਸ਼ ਵਿਚ ਦੀ ਬੇਨੀ ਹੀ ਤਰ੍ਹਾਂ ਦੀਆਂ ਚਨੌਤੀਆਂ ਦੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਦੇ ਕਾਰਣ ਦੇਸ਼ ਮਜਬੂਤ ਹੋਣ ਦੀ ਬਜਾਏ ਪਿਛੜ ਜਾਂਦਾ ਹੈ। ਵਿਸ਼ਵ ਭਰ ਵਿਚ ਵੀ ਜੋ ਦੌੜ ਲੱਗੀ ਹੈ, ਉਸ ਦੇ ਕਾਰਣ ਆਪਸ ਜਾਤੀ ਦਾ ਨੁਕਸਾਨ ਹੋ ਰਿਹਾ ਹੈ ਇਸਲਈ ਸਾਰੇ ਮਿਲ ਜੁਲ ਕੇ ਪ੍ਰਾਰਥਨਾ ਵੀ ਕਰ ਰਹੇ ਹਨ ਕਿ ਦਾਤਾਰ ਸਾਰਿਆਂ ਨੂੰ ਸਮਰਥਾ ਦੇਵੇ ਤਾਂਕਿ ਸਾਰੇ ਮੁੱਦਰ ਦੇਨ ਹੋਏ ਹਏ ਇਸ ਧਰਤੀ ਨੂੰ ਸਜਾਂਦੇ-ਸੰਵਾਰਦੇ ਚਲੇ ਜਾਣ।

ਸਾਧਸੰਗਤ ਜੀ, ਧੰਨ ਨਿਰੰਕਾਰ।

(ਸੰਯੁਹਿਕਹਤਾ - **ਰਾਜਪਾਲ ਨਾਸਾ**)

ਰਹਿਮਤ ਦੀ ਬਰਸਾਤ ਦੇ ਨਾਲ ਮਿਲੀ ਅਸ਼ੀਸਾਂ ਦੀ ਸੌਗਾਤ

62ਵਾਂ ਸਾਲਾਨਾ ਸੰਤ ਸਮਾਗਮ (ਰਿਪੋਰਟ)

• ਮੁੱਖ ਲੇਖਕ : ਬਾਬਾ ਕੁਲਦਾ ਸੇਵਕ, ਪੰਜਾਬੀ ਰੂਪ : ਨਿਰਮਲਾ ਦੇਵੀ, ਕੁਲਦੀਪ ਕੌਰ

ਦਿੱਲੀ, 14 ਨਵੰਬਰ। ਮਾਨਵ ਏਕਤਾ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਨਾਲ ਇਸ ਸਾਲ ਦਾ 62ਵਾਂ ਨਿਰੰਕਾਰੀ ਸੰਤ ਸਮਾਗਮ, ਸਥਾਨਕ ਬੁਰਾੜੀ ਰੋਡ ਤੇ ਅੱਜ ਸ਼ੁਰੂ ਹੋਇਆ।

ਰਸਮੀ ਤੌਰ ਤੇ ਭਾਂ ਇਸ ਸੰਤ ਸਮਾਗਮ ਦੀ ਸ਼ੁਰੂਆਤ ਅੱਜ ਹੀ ਹੋਈ ਪਰ ਇਸਦੀ ਅਸਲ ਸ਼ੁਰੂਆਤ ਤਾਂ 11 ਅਕਤੂਬਰ ਨੂੰ ਹੀ ਹੋ ਚੁੱਕੀ ਸੀ, ਜਦੋਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ, ਨਿਰੰਕਾਰੀ ਰਾਜਮਾਤਾ ਕੁਲਵੰਤ

ਕੌਰ ਜੀ ਅਤੇ ਪ੍ਰਮੁਖ ਮਾਤਾ ਸਵਿੰਦਰ ਜੀ ਨੇ ਇਸ ਸਮਾਗਮ ਦੀਆਂ ਸੇਵਾਵਾਂ ਦਾ ਸ਼ੁਭਆਰੰਭ ਕੀਤਾ ਸੀ।

ਇਸ ਸਾਲ ਸੰਤ ਨਿਰੰਕਾਰੀ ਮੰਡਲ ਦੀ ਕਾਰਜਕਾਰਣੀ ਕਮੇਟੀ ਨੂੰ ਹੀ ਸਮਾਗਮ ਕਮੇਟੀ ਦਾ ਰੂਪ ਦਿੱਤਾ ਗਿਆ ਸੀ। ਕੁਝ ਮੈਂਬਰ ਵਿਸੇਸ਼ ਤੌਰ ਤੇ ਵੀ ਨਾਲ ਜੋੜੇ ਗਏ ਸਨ।

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਰਾਹੀ ਬਣਾਈ ਗਈ ਨਵੀਂ ਵਿਵਸਥਾ ਦੇ ਅੰਤਰਗਤ ਇਹ ਪਹਿਲਾ ਸੰਤ ਸਮਾਗਮ ਕੁਝ ਅਜਿਹੇ ਪ੍ਰਭਾਵ ਛੱਡ ਗਿਆ, ਜੋ ਦਿਲੋ-ਦਿਮਾਗ ਵਿਚ ਆਪਣੀਆਂ ਸੁੰਦਰ ਯਾਦਾਂ ਦੇ ਰੂਪ ਵਿਚ ਸ਼ਰਧਾ ਦੀ ਪਾਵਨਤਾ ਦੇਂਦਾ ਰਹੇਗਾ।

11 ਨਵੰਬਰ ਨੂੰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਨਿਰੰਕਾਰੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਜਿਸਨੂੰ ਇਸ ਸਾਲ ਨਵਾਂ ਰੂਪ ਦਿੱਤਾ ਗਿਆ ਸੀ। ਪ੍ਰਮੁਖ ਮਾਤਾ ਸਵਿੰਦਰ ਜੀ, ਡੰਣ ਰੇਣੁਕਾ ਜੀ ਅਤੇ ਬਿੰਦਿਆ ਛਾਬੜਾ ਜੀ ਦੇ ਮਾਰਗਦਰਸ਼ਨ ਹੇਠ ਆਯੋਜਿਤ ਇਹ ਪ੍ਰਦਰਸ਼ਨੀ **Universal Oneness (ਸਾਰਵਭੌਮਿਕ ਏਕਤਵ)** ਤੇ ਕੇਂਦਰਿਤ ਸੀ। ਸੰਤ ਸਮਾਗਮ ਵਿਚ ਆਏ ਮਹਾਂਪੁਰਸ਼ਾਂ ਦੀ ਸੇਵਾ ਲਈ ਬਣੇ ਅਨੇਕਾਂ ਦਫ਼ਤਰਾਂ ਦਾ ਉਦਘਾਟਨ ਵੀ ਅੱਜ ਹੀ ਕੀਤਾ ਗਿਆ।

12 ਨਵੰਬਰ ਨੂੰ ਸੰਤ ਨਿਰੰਕਾਰੀ, ਪਤ੍ਰਿਕਾ ਵਿਭਾਗ ਰਾਹੀ ਪ੍ਰਕਾਸ਼ਿਤ **'ਸਹਿਨਸ਼ੀਲਤਾ' (ਸੋਵੀਨਰ)** ਦੀ ਘੁੰਡ-ਚੁਕਾਈ ਸਤਿਗੁਰੂ ਬਾਬਾ ਜੀ ਅਤੇ ਮਾਤਰੀ-ਸ਼ਕਤੀਆਂ ਰਾਹੀ ਕੀਤੀ ਗਈ। ਇਹ ਸੰਤ ਸਮਾਗਮ ਦੀ ਪਹਿਲੀ ਦੀਵਾਰ ਤੋਂ ਸ਼ਾਮ ਨੂੰ ਹੋਏ ਵਿਸ਼ਾਲ ਸਤਿਸੰਗ ਸਮਾਰੋਹ ਵਿਚ ਹੋਈ।

ਇਸ ਪ੍ਰੋਗਰਾਮ ਵਿਚ ਪਏ ਮੀਂਹ ਨੇ ਤਾਂ ਜਿਵੇ ਸਾਰਿਆਂ

ਲਈ ਰਾਤ ਨੂੰ ਹੀ ਨਹਾਉਣ ਦਾ ਪ੍ਰਬੰਧ ਕਰ ਦਿੱਤਾ ਸੀ। ਜ਼ੋਰਦਾਰ ਮੀਂਹ ਦੇ ਦੌਰਾਨ ਸੰਤ ਸਮਾਗਮ ਵਿਚ ਆਈਆਂ ਸੰਗਤਾਂ ਜਿਵੇ ਅਪਾਰ ਸਹਿਨਸ਼ੀਲਤਾ ਦਾ ਪ੍ਰਮਾਣ ਦੇ ਰਹੀਆਂ ਸਨ ਕਿਉਂਕਿ ਪ੍ਰੋਗਰਾਮ ਪਹਿਲਾਂ ਮਿਥੇ ਰੂਪ ਵਿਚ ਹੀ ਚਲ ਰਿਹਾ ਸੀ। ਲੇਕਿਨ ਸੰਗਤਾਂ ਉਸੇ ਤਰ੍ਹਾ ਬੈਠੀਆਂ ਸਨ, ਜਿਵੇ ਸਾਰਿਆਂ ਦੇ ਸਰੀਰ ਕੁਦਰਤੀ ਰੂਪ ਨਾਲ Rain proof (ਵਰਖਾਰੋਧੀ) ਹੋਣ। ਇਸ ਭਾਵਨਾ ਨੂੰ ਸ਼ਬਦ ਦੇਂਦੇ ਹੋਏ ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਸੰਤ ਸਮਾਗਮ ਵਿਚ ਮਹਾਂਪੁਰਸ਼ ਸਾਰਿਆਂ ਨੂੰ ਆਉਣ ਲਈ ਬੁਲਾਉਂਦੇ ਹਨ।

ਉਨ੍ਹਾ ਵਿਚੋਂ ਕੁਝ ਆਉਂਦੇ ਵੀ ਹਨ। ਨਾਲ ਹੀ ਕੁਝ ਅਜਿਹੇ ਲੋਕ ਵੀ ਆਉਂਦੇ ਹਨ, ਜਿਨ੍ਹਾਂ ਨੂੰ ਸੱਦਾ ਨਹੀ ਦਿੱਤਾ ਜਾਂਦਾ। ਅੱਜ ਇੰਦਰ ਦੇਵਤਾ ਜਿਵੇਂ ਇਸ ਰੂਪ ਵਿਚ ਹੀ ਹਾਜਰ ਹਨ।

ਅੱਜ ਤਾਂ ਵਰੁਣ ਦੇਵਤਾ ਜਿਵੇ ਆਉਣ ਵਾਲੀਆ ਸੰਗਤਾ ਦਾ ਭਰਪੂਰ ਸਵਾਗਤ ਕਰਨ ਲਈ ਤਿਆਰ ਸਨ। ਟੈਂਟ ਵੀ ਟਪਕਣ ਲੱਗ ਪਏ ਸਨ।

ਅਜਿਹੀ ਧੁੱਪ-ਛਾਂ ਭਰਪੂਰ ਭਾਵਨਾਵਾਂ ਦੌਰਾਨ ਅੱਜ ਇਸ ਸੰਤ ਸਮਾਗਮ ਦਾ ਰਸਮੀ ਤੌਰ ਤੇ ਸ਼ੁਭਆਰੰਭ ਹੋਇਆ।

ਮੈਦਾਨ ਨੰ. ੪ ਤੋਂ ਲੈ ਕੇ ਸੰਤ ਪਰਮਾਨੰਦ ਚੌਕ ਤਕ ਜਿਵੇਂ ਸੰਤ ਸਮਾਗਮ ਹੀ ਛਾਇਆ ਹੋਇਆ ਸੀ। ਅਲਗ-ਅਲਗ ਪਹਿਰਾਵਿਆਂ ਵਿਚ ਆਏ ਸੰਤ-ਮਹਾਤਮਾ ਜਿਵੇਂ ਅਨੇਕਤਾ ਵਿਚ ਏਕਤਾ ਨੂੰ ਜੀਵੰਤ ਰੂਪ ਪ੍ਰਦਾਨ ਕਰ ਰਹੇ ਸਨ।

ਇਸ ਤਿੰਨ-ਦਿਵਸੀ ਵਿਸ਼ਾਲ ਸੰਤ ਸਮਾਗਮ ਦਾ ਅੱਖੀਂ ਡਿੱਠਾ ਹਾਲ ਇਥੇ ਪੇਸ਼ ਕੀਤਾ ਜਾ ਰਿਹਾ ਹੈ।

ਪਹਿਲਾ ਦਿਨ
14 ਨਵੰਬਰ 2009 (ਸ਼ਨੀਵਾਰ)

ਸਤਿਸੰਗ - ਦੁਪਹਿਰ 1 ਵਜੇ

ਪਿਛਲੇ ਪੰਦਰ੍ਹਾਂ ਦਿਨਾਂ ਤੋਂ ਸੰਤ ਨਿਰੰਕਾਰੀ ਕਾਲੋਨੀ ਵਿਚ ਜੋ ਗਹਿਮਾ-ਗਹਿਮੀ ਵਿਖ ਰਹੀ ਸੀ, ਉਹ ਜਿਵੇਂ ਅੱਜ ਚਰਮ-ਸੀਮਾ ਤੇ ਹੈ। ਭੀੜ ਦੀ ਤਰ੍ਹਾਂ ਵਿਖ ਰਿਹਾ ਭਗਤਜਨਾਂ ਦਾ ਅਨੁਸ਼ਾਸਿਤ ਹਜੂਮ, ਸਮਾਗਮ ਮੈਦਾਨ ਵਲ ਵੱਧ ਰਿਹਾ ਹੈ।

ਸ਼੍ਰੀ ਦਿਵੇਕ ਮੋਜੀ

ਅੱਜ ਸੰਤ ਸਮਾਗਮ ਦਾ ਪਹਿਲਾ ਦਿਨ ਹੈ। ਸਤਿਗੁਰੂ ਬਾਬਾ ਜੀ, ਨਿਰੰਕਾਰੀ ਰਾਜਮਾਤਾ ਜੀ ਅਤੇ ਪੂਜਯ ਮਾਤਾ ਜੀ ਦੇ ਵਿਰਾਜਮਾਨ ਹੋਣ ਵਾਲੀ ਸਟੇਜ ਨੂੰ ਮਹਾਂਪੁਰਸ਼ ਬਹੁਤ ਸਰਧਾ ਨਾਲ ਸਜਾ ਰਹੇ ਹਨ। ਇਸ ਮੰਚ ਦੇ ਉਪਰ ਬਹੁਤ ਸੁੰਦਰ ਢੰਗ ਨਾਲ ਲਿਖਿਆ ਹੈ-

ਜਗ ਉਜਿਆਰਾ ਹੋ ਜਾਏਗਾ, ਮਨ ਮੰਦਿਰ ਕੇ ਦੀਪ ਜਲਾਏਂ।

ਅੱਜ ਦੇ ਪ੍ਰੋਗਰਾਮ ਦਾ ਮੰਚ ਸੰਚਾਲਨ ਕਰਨ ਦੀ ਸੇਵਾ ਸ਼੍ਰੀ ਵਿਵੇਕ ਮੋਜੀ ਜੀ (ਦਿੱਲੀ) ਨੂੰ ਮਿਲੀ ਹੈ। ਸ਼੍ਰੀ ਮੋਜੀ, ਅੱਜ ਦੇ ਬੁਲਾਰਿਆਂ ਨੂੰ ਬੁਲਾ ਰਹੇ ਹਨ।

ਸ਼ੁਰੂਆਤ ਹੋਈ ਹੈ, ਕੀਰਤਨ ਨਾਲ। ਨਿਰੰਕਾਰੀ ਕਲੋਨੀ ਦੇ ਗੀਤਕਾਰ ਮਹਾਤਮਾ ਰੋਸ਼ਨ-ਰਮਨ ਜੀ ਸੰਪੂਰਣ ਅਵਤਾਰ ਬਾਣੀ ਦਾ ਗਾਇਨ ਕਰ ਰਹੇ ਹਨ।

ਮੰਚ ਤੇ ਬੰਸਰੀ, ਵਾਯਲਿਨ, ਮੈਂਡੋਲਿਨ ਆਦਿ ਸਾਜਯੰਤਰਾਂ ਦੇ ਸੁਰਾਂ ਰਾਹੀਂ ਸੁੰਦਰ ਕਲਾਤਮਕ ਵਾਤਾਵਰਣ ਬਣ ਰਿਹਾ ਹੈ।

ਭਾਰਤ ਅਤੇ ਵਿਸ਼ਵ ਦੇ ਅਨੇਕਾਂ ਸ਼ਹਿਰਾਂ ਅਤੇ ਪਿੰਡਾਂ ਤੋਂ ਆਏ ਸੰਤ-ਮਹਾਤਮਾ ਸਤਿਸੰਗ ਪੰਡਾਲ ਵਿਚ ਦਾਖਲ ਹੋ ਰਹੇ ਹਨ। ਨਮਸਕਾਰ ਦੀਆਂ ਲਾਈਨਾਂ ਵਿਚ ਵੀ ਮਹਾਤਮਾਵਾਂ ਦਾ ਆਉਣਾ ਜਾਰੀ ਹੈ। ਖਾਕੀ ਵਰਦੀ ਵਿਚ ਸਜੇ ਸੇਵਾਦਲ ਦੇ ਜਵਾਨ ਭਗਤੀਮਈ ਅਨੁਸ਼ਾਸਨ ਬਣਾਉਣ ਵਿਚ ਯੋਗਦਾਨ ਦੇ ਰਹੇ ਹਨ। ਸੰਪੂਰਣ ਅਵਤਾਰ ਬਾਣੀ ਦੇ ਇਨ੍ਹਾਂ ਬੋਲਾਂ ਰਾਹੀਂ ਅਧਿਆਤਮ ਜਿਵੇਂ ਜੀਵੰਤ ਰੂਪ ਲੈ ਰਿਹਾ ਹੈ -

ਗੁਰਸਿੱਖਾਂ ਦੇ ਬੁੱਲਾਂ ਤੇ ਹਰਦਮ
ਅਪਣੇ ਗੁਰੂ ਦੀ ਕਹਾਣੀ ਰਹੇ।
ਪਿਆਰ ਦਿਲਾਂ ਵਿਚ ਨਾਮ ਜੁਬਾਂ ਤੇ
ਇਸਦੀ ਇਹ ਜ਼ਿੰਦਗਾਨੀ ਰਹੇ।

ਸ਼ਬਦ ਪੂਰਾ ਹੁੰਦੇ ਹੀ ਪ੍ਰੋਗਰਾਮ ਵਿਚ ਗਤੀ ਆ ਗਈ ਹੈ। ਰੂੜਕਾਵਾਂ ਦੀ ਲਾਜਪਤ ਐਂਡ ਪਾਰਟੀ ਦੇ ਮੈਂਬਰ ਹੁਣ ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ ਗਾ ਰਹੇ ਹਨ —

ਬੰਦਗੀ ਹੈ ਹਰ ਘੜੀ ਬਸ, ਤੇਰੇ ਸ਼ੁਕਰਾਨੇ ਕਾ ਨਾਮ,
ਸ਼ੁਕਰ ਕਰੋ ਹਰਦੇਵ ਗੁਰੂ ਕਾ, ਜਿਸਨੇ ਹਮੇਂ ਸੰਭਾਲ ਲੀਆ।

ਪ੍ਰੇਮ ਦੀ ਇਸ ਭਾਵਨਾ ਨਾਲ ਹੀ ਤਾਂ ਵਰਦਾਨ ਮਿਲਦੇ ਹਨ।

ਗੋਬਿੰਦ ਪੁਰੀ (ਦਿੱਲੀ) ਦਾ ਬੱਚਾ ਸੁਮਿਤ ਭੋਗਰਾ ਹੁਣ ਅਪਣੀ ਕਲਾ ਨੂੰ ਇਕ ਪੰਜਾਬੀ ਗੀਤ ਰਾਹੀਂ ਪ੍ਰਗਟ ਕਰ ਰਿਹਾ ਹੈ। ਗੀਤ ਵਿਚ ਸਤਿਗੁਰੂ ਬਾਬਾ ਜੀ ਦੇ ਪ੍ਰਤੀ ਸ਼ਰਧਾ ਭਾਵ ਪ੍ਰਗਟ ਕੀਤੇ ਗਏ ਹਨ।

ਇਸ ਗੀਤ ਦੇ ਬਾਦ ਦਿੱਲੀ ਦੇ ਸ਼੍ਰੀ ਅਰੁਣ ਸਵਾਮੀ ਨੂੰ ਗਾਣ ਦਾ ਅਵਸਰ ਪ੍ਰਦਾਨ ਕੀਤਾ ਗਿਆ ਹੈ। ਮਾਨਵ ਮਾਤਰ ਨੂੰ ਇਹ ਸੰਦੇਸ਼ ਦੇ ਰਹੇ ਹਨ –

ਭਾਈ ਰੇ ਆਪਸ ਮੇਂ ਵੈਰ ਨਾ ਤਕਰਾਰ ਕਰੋ।
ਫਰਜ਼ ਹੈ ਯਹ ਇਨਸਾਂ ਕਾ, ਇਨਸਾਂ ਸੇ ਸਦਾ ਪਿਆਰ ਕਰੋ।

ਮਧੁਰ ਸੰਗੀਤ ਰਾਹੀਂ ਗੀਤ ਦਿਲਾਂ ਨੂੰ ਛੂਹ ਰਿਹਾ ਹੈ।

ਇੰਦਰ ਸਿੰਘ ਜੀ ਅਨਥਕ ਪੰਜਾਬੀ ਭਾਸ਼ਾ ਦੇ ਲੋਕਪ੍ਰਿਯ ਗੀਤਕਾਰ ਸਨ। ਉਨ੍ਹਾਂ ਦੀ ਸਪੁੱਤਰੀ ਹੈਪੀ ਹੁਣ ਪੰਜਾਬੀ ਭਾਸ਼ਾ ਵਿਚ ਅਪਣੇ ਭਗਤੀ ਭਰੇ ਭਾਵ ਪ੍ਰਗਟ ਕਰ ਰਹੀ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਹੰਕਾਰ ਦੇ ਕਾਰਣ ਇਨਸਾਨ ਹਮੇਸ਼ਾ ਨੁਕਸਾਨ ਉਠਾਂਦਾ ਹੈ। ਹੰਕਾਰ ਨੂੰ ਸਭ ਤੋਂ ਪਹਿਲਾਂ ਛੱਡਣਾ ਚਾਹੀਦਾ ਹੈ, ਨਹੀਂ ਤਾਂ ਪਛਤਾਵੇ ਦੇ ਸਿਵਾ ਕੁਝ ਵੀ ਹੱਥ ਨਹੀਂ ਆਏਗਾ।

ਇਕ ਉਦਾਹਰਣ ਰਾਹੀਂ ਕਹਿ ਰਹੀ ਹੈ ਕਿ ਗਾਂ ਗਵਾਲੇ ਨਾਲ ਨਹੀਂ ਬੰਨੀ ਬਲਕਿ ਗਵਾਲਾ ਗਾਂ ਨਾਲ ਬੰਨ੍ਹਿਆ ਹੈ। ਰੱਸੀ ਤੁੜਾਉਣ ਨਾਲ ਗਾ ਗਵਾਲੇ ਵਲ ਨਹੀਂ ਭੱਜਦੀ ਬਲਕਿ ਗਵਾਲਾ ਗਾਂ ਵਲ ਭਜਦਾ ਹੈ। ਸਤਿਗੁਰੂ ਇਨਸਾਨ ਨੂੰ ਅਜਿਹੇ ਬੰਧਨਾ ਤੋਂ ਬਚਾ ਕੇ ਮੁਕਤ ਕਰ ਦੇਂਦਾ ਹੈ।

ਰਾਜਪੁਰਾ (ਪੰਜਾਬ) ਤੋਂ ਆਏ ਗੀਤਕਾਰ ਸੁਸ਼ੀਲ ਮਾਹੀ ਜੀ ਸੰਪੂਰਣ ਅਵਤਾਰ ਬਾਣੀ ਦਾ ਇਹ ਸ਼ਬਦ ਗਾ ਰਹੇ ਹਨ–

ਅਪਣਾ ਲਾਇਆ ਪਿਆਰ ਨਾ ਲੱਗੇ,
ਰਬ ਲਾਵੇ ਤਾਂ ਲਗਦਾ ਏ।

ਇਸ ਮਧੁਰ ਸ਼ਬਦ ਦੇ ਬਾਦ ਅਵਸਰ ਮਿਲਿਆ ਹੈ, ਚੰਬਾ (ਹਿ.ਪ੍ਰ.) ਦੇ ਮਹਾਤਮਾ ਦੁਨੀ ਚੰਦ ਜੀ ਨੂੰ। ਮਾਨਸ ਆਦਿ ਧਰਮਗ੍ਰੰਥਾਂ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਹਨ ਕਿ ਜੇ ਮਾਰਗਦਰਸ਼ਕ ਨਾਲ ਹੋਵੇ ਤਾਂ ਸਫ਼ਰ ਵੀ ਸੁਹਾਣਾ ਬਤੀਤ ਹੁੰਦਾ ਹੈ ਅਤੇ ਮੰਜ਼ਿਲ ਵੀ ਆਸਾਨ ਹੋ ਜਾਂਦੀ ਹੈ। ਇਸਦੇ ਉਲਟ ਮਾਰਗਦਰਸ਼ਨ ਦੀ ਕਮੀ ਕਾਰਣ ਬੁੱਧੀਮਾਨ ਯਾਤਰੀ ਵੀ ਭਟਕ ਜਾਂਦਾ ਹੈ। ਸਤਿਗੁਰੂ ਬਾਬਾ ਜੀ ਅੱਜ ਭਟਕਣ ਖਤਮ ਕਰ ਰਹੇ ਹਨ। ਇਨਸਾਨ ਦਾ ਕਰਤੱਵ ਹੈ ਕਿ ਉਹ ਸਤਿਗੁਰੂ ਦੀ ਸ਼ਰਣ ਗ੍ਰਹਿਣ ਕਰੇ ਅਤੇ ਮਾਨਵ

ਸਮਰੋਹ ਅੰਸ਼ ਪ੍ਰਸਤੁਤੀ

ਤਨ ਦੀ ਪ੍ਰਾਪਤੀ ਨੂੰ ਸਫਲ ਕਰੇ। ਜੋ ਉਹ ਅਜਿਹਾ ਨਹੀਂ ਕਰਦਾ ਤਾਂ ਫਿਰ ਕੁੱਤਾ, ਸੂਰ, ਗਧੇ, ਸੱਪ, ਕਾਂ ਆਦਿ ਨੀਵੀਂ ਜਾਤੀ ਦੀਆਂ ਜੂਨੀਆਂ ਤੋਂ ਕਿਸੇ ਵੀ ਤਰ੍ਹਾਂ ਬਿਹਤਰ ਨਹੀਂ।

ਸੰਤ ਨਿਰੰਕਾਰੀ ਕਲੋਨੀ (ਦਿੱਲੀ) ਦੇ ਨੌਜਵਾਨ ਗੀਤਕਾਰ ਸ਼੍ਰੀ ਅਨਿਲ ਕੁਮਾਰ ਨੂੰ ਹੁਣ ਅਵਸਰ ਪ੍ਰਦਾਨ ਕੀਤਾ ਗਿਆ। ਉਸਤਾਦ ਕਵੀ ਮਾਨ ਸਿੰਘ ਜੀ ਮਾਨ ਦੀ ਇਹ ਗਜ਼ਲ ਗਾ ਰਹੇ ਹਨ —

ਪੁਛਦੇ ਨੇ ਲੋਕ ਅਕਸਰ ਖੁਦਾ ਹੈ ਕਿ ਨਹੀਂ ਹੈ।

ਆਖਿਰ ਵਿਚ ਹਲ ਦੱਸਿਆ ਗਿਆ ਹੈ ਕਿ ਸਤਿਗੁਰੂ ਦੀ ਸ਼ਰਣ ਵਿਚ ਆਉਣਗੇ ਤਦ ਪਤਾ ਚਲੇਗਾ ਕਿ ਖੁਦਾ ਹੈ ਕਿ ਨਹੀਂ।

ਅਜਮੇਰ (ਰਾਜਸਥਾਨ) ਦੇ ਮਹਾਤਮਾ ਧਾਮਨ ਦਾਸ ਜੀ ਹੁਣ ਸਿੰਧੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਿ ਰਹੇ ਹਨ ਕਿ – ਸਤਿਗੁਰੂ ਬਾਬਾ ਜੀ ਨੇ ਬ੍ਰਹਮਗਿਆਨ ਦੀ ਦਾਤ ਪ੍ਰਦਾਨ ਕਰਕੇ ਜਾਤੀ-ਪਾਤੀ, ਧਰਮ, ਘ੍ਰਿਣਾ ਆਦਿ ਦੀ ਤੰਗਦਿਲੀ ਦੂਰ ਕਰਕੇ ਵੱਡੀਆਂ-ਵੱਡੀਆਂ ਪ੍ਰੇਸ਼ਾਨੀਆਂ ਤੋਂ ਬਚਾ ਲਿਆ। ਇਨਸਾਨ ਤਾਂ ਖਾਲੀ ਹੱਥ ਆਇਆ ਹੈ ਅਤੇ ਖਾਲੀ ਹੱਥ ਦੁਨੀਆਂ ਤੋਂ ਚਲਾ ਜਾਏਗਾ ਲੇਕਿਨ ਦੁਨੀਆ ਵਿਚ ਰਹਿੰਦਾ ਇਸ ਤਰ੍ਹਾਂ ਹੈ ਜਿਵੇਂ ਉਹ ਸਦਾ ਇਥੇ ਹੀ ਰਹਿਣ ਵਾਲਾ ਹੈ। ਸਤਿਗੁਰੂ ਬਾਬਾ ਜੀ ਰਾਹੀ ਦਿੱਤਾ ਗਿਆ ਬ੍ਰਹਮਗਿਆਨ ਇਥੇ ਵੀ ਇਨਸਾਨ ਦੀ ਮਦਦ ਕਰਦਾ ਹੈ, ਉਸਨੂੰ ਯਥਾਰਥ ਦਾ ਅਹਿਸਾਸ ਹੁੰਦਾ ਰਹਿੰਦਾ ਹੈ ਅਤੇ ਉਹ ਹਮੇਸ਼ਾ ਰਹਿਣ ਵਾਲੇ ਭਰਮ ਤੋਂ ਬਚਿਆ ਰਹਿ ਕੇ ਭਗਤੀਮਈ ਜੀਵਨ ਬਤੀਤ ਕਰਦਾ ਹੈ।

ਇਸ ਸਮੇਂ ਸਤਿਗੁਰੂ ਬਾਬਾ ਜੀ, ਨਿਰੰਕਾਰੀ ਰਾਜਮਾਤਾ ਜੀ ਅਤੇ ਪ੍ਰਜਪ ਮਾਤਾ ਜੀ ਦਾ ਸੰਤ ਸਮਾਗਮ ਦੇ ਮੁੱਖ ਗੇਟ ਤੋਂ ਆਗਮਨ ਹੋ ਰਿਹਾ ਹੈ। ਪ੍ਰਾਂਤਿਕ ਸਨਮਾਨ, ਸ਼ਾਂਤ ਅਤੇ ਪੂਰਨ ਆਨ-ਬਾਨ ਦੇ ਨਾਲ ਦੈਵੀ ਸ਼ਖਸੀਅਤ ਦੇ ਸਵਾਮੀ ਸਤਿਗੁਰੂ ਅਤੇ ਮਾਤਰੀ-ਸ਼ਕਤੀਆ ਦਾ ਇਹ ਆਗਮਨ ਹਿਰਦਿਆਂ ਨੂੰ ਸ਼ੁਧ ਭਾਵਨਾਵਾਂ ਨਾਲ ਭਰ ਰਿਹਾ ਹੈ। ਸੰਤ ਨਿਰੰਕਾਰੀ ਸੇਵਾਦਲ ਦੇ ਬੈਂਡ ਆਪਣੀਆਂ ਅਨੇਕਾ ਧੁੰਨਾਂ ਰਾਹੀ ਇਨ੍ਹਾਂ ਦੈਵੀ ਸ਼ਖਸੀਅਤਾ ਦਾ ਸਵਾਗਤ ਕਰੇ ਹਨ। ਇਸ ਸਵਾਗਤ ਵਿਚ ਸੰਤ ਨਿਰੰਕਾਰੀ ਮੰਡਲ ਦੇ ਅਧਿਕਾਰੀਗਣ ਵੀ ਸ਼ਾਮਿਲ ਹਨ। ਸੱਚਾਈ ਅਤੇ ਸ਼ਾਂਤੀ ਦੇ ਪ੍ਰਤੀਕ ਸਫ਼ੇਦ ਰੰਗ ਦੀ ਚੁੱਲਾ ਨਾਲ ਸਜੀ ਹੋਈ ਗੱਡੀ ਵਿਚ ਬਿਰਾਜਮਾਨ ਹੈ ਕੇ ਸਤਿਗੁਰੂ ਬਾਬਾ ਜੀ ਸੰਤ ਸਮਾਗਮ ਨੂੰ ਪ੍ਰਹਣਤਾ ਪ੍ਰਦਾਨ ਕਰ ਰਹੇ ਹਨ। ਚਾਰੋਂ ਪਾਸੇ ਖੁਸ਼ੀਆ ਭਰਿਆ ਮਾਹੌਲ ਹੈ। ਦੇਸ਼-ਵਿਦੇਸ਼ ਤੋਂ ਪਧਾਰੇ ਲੱਖਾਂ ਸਰਧਾਲੂ ਜੈਕਾਰਿਆਂ ਨਾਲ ਆਪਣੇ ਸਤਿਗੁਰੂ ਦਾ ਸਵਾਗਤ ਕਰ ਰਹੇ ਹਨ।

ਇਧਰ ਮੰਚ ਤੋਂ ਰੋਹਿਣੀ (ਦਿੱਲੀ) ਦੇ ਗੀਤਕਾਰ ਮਹਾਤਮਾ ਸੰਨੀ ਜੀ ਅਤੇ ਆਸ਼ੂ ਜੀ ਹੁਣ ਪ੍ਰੋਗਰਾਮ ਮੰਚ ਤੇ ਹਨ। ਸਵਾਗਤੀ ਗੀਤ ਗਾ ਰਹੇ ਹਨ, ਜਿਸਦੇ ਬੋਲ ਹਨ —

ਨਾਚਤ ਮਨ ਕਾ ਮੋਰ ਸਖੀ ਰੀ,
ਪ੍ਰਭੁ ਆਏ ਅੰਗਨਵਾ ਮੋਰੇ,
ਦਰਸ ਕਰੂੰ ਚਹੂੰ ਓਰ ਸਖੀ ਰੀ....

ਗੀਤ ਵਿਚ ਮੋਰ ਪੰਛੀ ਨੂੰ ਮਾਧਿਅਮ ਬਣਾ ਕੇ ਭਗਤੀ ਦੇ ਭਾਵ ਪੇਸ਼ ਕੀਤੇ ਗਏ ਹਨ। ਇਸ ਵਿਚ ਪ੍ਰੇਮ ਵੀ ਹੈ, ਸਮਰਪਣ ਵੀ ਹੈ ਅਤੇ ਇਕ ਖਾਸ ਤਰ੍ਹਾਂ ਦਾ ਜੁੜਾਵ ਵੀ। ਕਿਉਂਕਿ ਸੱਚ ਨਾਲ ਜੁੜਨ ਦੇ ਕਾਰਣ ਜੁੜਾਵ ਵੀ ਸਵੀਕਾਰ ਹੋ ਜਾਂਦਾ ਹੈ।

ਸਵਾਗਤੀ ਗੀਤ ਦੇ ਬਾਦ ਮਹਿਰੌਲੀ (ਦਿੱਲੀ) ਦੇ ਨੌਜਵਾਨ ਮਹਾਤਮਾ ਚੰਨੀ ਕਮਲਾ ਜੀ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਹਿ ਰਹੇ ਹਨ –

ਯਾਦ-ਵਿਸ਼ੇ

ਭਗਤੀ ਵਿਸ਼ਾ ਨਹੀਂ, ਭਾਵ ਹੈ। ਜਦੋਂ ਤਕ ਭਾਵ ਇਸ ਇਕ ਪ੍ਰਭੂ ਨਾਲ ਨਹੀਂ ਜੁੜਦਾ ਭਗਤੀ ਸ਼ੁਰੂ ਨਹੀਂ ਹੁੰਦੀ। ਭਗਤੀ ਵਿਚ ਤਾ ਭਾਵਨਾਵਾ ਦਾ ਸਮਰਪਣ ਹੁੰਦਾ ਹੈ। ਭਾਵ ਸਮਰਪਿਤ ਹੋ ਜਾਂਦਾ ਹੈ ਤਾਂ ਹਰ ਸਾਧਨ ਭਗਤੀ ਵਿਚ ਲਗ ਜਾਂਦਾ ਹੈ।

ਸੰਪੂਰਣ ਅਵਤਾਰ ਬਾਣੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਉਦਾਹਰਣਾਂ ਨਾਲ ਭਰਪੂਰ ਇਨ੍ਹਾਂ ਦੇ ਵਿਚਾਰਾਂ ਵਿਚ ਗਹਿਰਾਈ ਅਤੇ ਸਪਸ਼ਟਤਾ ਮੌਜੂਦ ਹੈ।

ਕੁਰੂਸੇਤਰ (ਹਰਿਆਣਾ) ਤੋਂ ਆਈ ਸੁਮਨ ਐਂਡ ਪਾਰਟੀ ਦੀਆਂ ਭੈਣਾਂ ਹੁਣ ਮੰਚ ਤੇ ਹਨ। ਹਰਿਆਣਵੀ ਭਾਸ਼ਾ ਵਿਚ ਇਹ ਗੀਤ ਪੇਸ਼ ਕਰ ਰਹੀਆਂ ਹਨ —

ਆਇਆ ਧਰਤੀ ਨੈ ਸਵਰਗ ਬਨਾਣ ਨੈ,
ਬ੍ਰਹਮਗਿਆਨ ਵਾਲੀ ਜਯੋਤੀ ਜਗਾਣ ਨੈ।

ਹਰਿਆਣਵੀ ਪਹਿਰਾਵੇ ਵਿਚ ਇਹ ਭੈਣਾਂ ਸਭਿਆਚਾਰਕ ਤਾਲਮੇਲ ਦੀ ਝਲਕ ਪੇਸ਼ ਕਰ ਰਹੀਆਂ ਹਨ।

ਮਾਇਕ ਹੁਣ ਸਤਿਗੁਰੂ ਬਾਬਾ ਜੀ ਦੇ ਸਾਮ੍ਹਣੇ ਰੱਖ ਦਿੱਤਾ ਗਿਆ ਹੈ।

ਦੇਸ਼-ਵਿਦੇਸ਼ ਦੇ ਸੰਚਾਰ ਮਾਧਿਅਮਾਂ ਦੇ ਪ੍ਰਤੀਨਿਧੀ ਸਤਿਗੁਰੂ ਬਾਬਾ ਜੀ ਦੇ ਮੁਖਾਰਬਿੰਦ ਤੋਂ ਆਉਣ ਵਾਲੇ ਬਚਨਾਂ ਨੂੰ ਸੰਚਾਰ ਮਾਧਿਅਮਾਂ ਰਾਹੀ ਅੰਕਿਤ ਕਰਨ ਨੂੰ ਵਿਆਕੁਲ ਹਨ। ਅਸੀਂ ਆਪ ਵੀ ਇਸ ਉਤਸੁਕਤਾ ਵਿਚ ਇਨ੍ਹਾਂ 'ਚ ਸ਼ਾਮਿਲ ਹਾ। ਸਾਰਿਆਂ ਦੀ ਉਤਸੁਕਤਾ ਨੂੰ ਸ਼ਾਂਤ ਕਰਦੇ ਹੋਏ ਬਾਬਾ ਜੀ ਮਾਨਵ ਮਾਤਰ ਲਈ ਸੰਦੇਸ਼ ਪ੍ਰਵਾਹਿਤ ਕਰ ਰਹੇ ਹਨ, ਸ਼ਾਂਤ ਵਾਤਾਵਰਣ ਨੂੰ ਜੀਵੰਤ ਸਵਰੂਪ ਪ੍ਰਦਾਨ ਕਰਦੇ ਹੋਏ ਸਤਿਗੁਰੂ ਬਾਬਾ ਜੀ ਫਰਮਾ ਰਹੇ ਹਨ -

- **ਅਲਗ-ਅਲਗ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਨਾਲ ਸੰਬੰਧਿਤ ਆਪ ਸਭ ਪਿਆਰ ਦੀ ਮਹਿਕ ਵੰਡਣ ਲਈ ਹੀ ਇਥੇ ਹਾਜ਼ਰ ਹੋ। ਸੰਤਜਨ ਹਮੇਸ਼ਾ ਤੋਂ ਇਹੀ ਭਾਵ ਮਾਨਵ ਮਾਤਰ ਵਿਚ ਭਰਦੇ ਰਹੇ ਹਨ।**
- **ਮਾਨਵਤਾ, ਪ੍ਰੇਮ, ਭਾਈਚਾਰੇ ਨੂੰ ਮਜ਼ਬੂਤੀ ਦੇਣ ਲਈ ਹੀ ਆਪ ਸਭ ਇਥੇ ਪਧਾਰੇ ਹੋ। ਦਾਤਾਰ ਕ੍ਰਿਪਾ ਕਰੇ ਕਿ ਇਸ ਮੰਤਵ ਦੀ ਪੂਰਤੀ ਹੋਵੇ।**
- **ਸੰਸਾਰ ਅਤੇ ਦੇਸ਼ ਦੇ ਹਾਲਾਤ ਅੱਜ ਕਿਸੇ ਤੋਂ ਛੁਪੇ ਹੋਏ ਨਹੀਂ ਹਨ। ਅਪਣੀ ਤੰਗਦਿਲੀ ਦੇ ਕਾਰਣ ਇਨਸਾਨ ਅੱਗੇ ਵੱਧਣ ਦੀ ਬਜਾਏ ਪਿਛੜਦਾ ਜਾ ਰਿਹਾ ਹੈ।**

ਸ਼੍ਰੀਮਤੀ ਰਾਜ ਵਾਸਦੇਵ ਸਿੰਘ
ਨਿਰੰਜਨ - ਪ੍ਰਬੰਧਕ ਨਿਰੰਕਾਰੀ (ਮੁੰਬਈ)

ਸ਼੍ਰੀ ਜੇ.ਆਰ.ਡੀ. 'ਸਤਿਆਰਥੀ'
ਪ੍ਰਮੁਖ - ਸੰਤ ਨਿਰੰਕਾਰੀ ਮੰਡਲ

ਸ਼੍ਰੀ ਜੈਰਾਮ ਦਾਸ
ਪ੍ਰਤਿਨਿਧੀ - ਬਾਲਿਸਤਰੀ ਸਕਵਾਡ

ਸ਼੍ਰੀ ਡੀ. ਆਰ. ਕਾਰਤੀਕੇਯਨ
ਸਰਕਾ ਪ੍ਰਮੁੱਖ - ਕੇਰਲੀ ਜੱਥ ਮੈਂਬਰੀ

ਅੰਤ ਵਿਚ ਬਾਬਾ ਜੀ ਨੇ ਆਸ ਪ੍ਰਗਟ ਕੀਤੀ ਹੈ ਕਿ –
ਸਾਰੇ ਇਸ ਧਰਤੀ ਨੂੰ ਸਜਾਂਦੇ-ਸੰਵਾਰਦੇ ਚਲੇ ਜਾਣ।

ਸ਼ਿਮਲਾ (ਹਿ.ਪ੍ਰ.) ਦੇ ਮਹਾਤਮਾ ਕੁਲਦੀਪ ਸ਼ਰਮਾ ਜੀ ਹੁਣ ਮੰਚ ਤੇ ਹਾਜ਼ਰ ਹਨ। ਕਵਿਤਰੀ ਮੰਜੁਲਾ ਮੁਰੀਦ ਦੀ ਹਿਮਾਚਲੀ ਭਾਸ਼ਾ ਦੀ ਰਚਨਾ ਪੇਸ਼ ਕਰ ਰਹੇ ਹਨ। ਰਚਨਾ ਵਿਚ ਭਗਤੀ ਦੀਆ ਮਧੁਰ ਭਾਵਨਾਵਾ ਨੂੰ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ, ਬਜ਼ੁਰਗ ਮਹਾਤਮਾ ਸ਼੍ਰੀ ਜੇ.ਆਰ.ਡੀ. 'ਸਤਿਆਰਥੀ' ਜੀ ਹੁਣ ਆਈਆਂ ਹੋਈਆ ਸੰਗਤਾਂ ਦਾ ਸਵਾਗਤ ਕਰ ਰਹੇ ਹਨ। ਸ਼ੁਧ ਭਾਸ਼ਾ ਅਤੇ ਆਪਣੇ ਲੰਬੇ ਅਨੁਭਵ ਰਾਹੀ ਫ਼ਰਮਾ ਰਹੇ ਹਨ ਕਿ –

ਆਪ ਵਿਸ਼ਵ ਦੇ ਅਠੇਕ ਦੇਸ਼ਾਂ, ਦੂਰ-ਨਜ਼ਦੀਕ ਦੇ ਸਥਾਨਾਂ, ਅਨੇਕਾਂ ਸਭਿਆਤਾਵਾਂ ਅਤੇ ਸੰਸਕ੍ਰਿਤੀਆਂ ਨਾਲ ਸੰਬੰਧਿਤ ਮਹਾਤਮਾ ਇਥੇ ਪਧਾਰੇ ਹੋ, ਮੈਂ ਆਪ ਸਾਰਿਆਂ ਦਾ ਸਵਾਗਤ ਕਰਦਾ ਹਾਂ। ਜੋ ਵੀ ਇਥੇ ਆਇਆ ਹੈ, ਉਹ ਸਾਡੇ ਸਿਰ ਦਾ ਤਾਜ ਹੈ। ਚਾਹੇ ਉਹ ਆਰਥਿਕ ਰੂਪ ਨਾਲ ਸੰਪੰਨ ਹੈ ਜਾਂ ਕਮਜ਼ੋਰ, ਸਾਰੇ ਇਕੋ ਜਿਹੀਆਂ ਸਹੂਲਤਾਂ ਨਾਲ ਕੰਮ ਚਲਾ ਰਹੇ ਹਨ। ਜੋ ਇਨ੍ਹਾਂ ਘੱਟ ਸਹੂਲਤਾਂ ਵਿਚ ਰਹਿਣ ਦੇ ਆਦੀ ਨਹੀਂ ਹਨ, ਉਹ ਵੀ ਆਰਾਮ ਨਾਲ ਰਹਿ ਰਹੇ ਹਨ। ਸਤਿਗੁਰੂ ਬਾਬਾ ਜੀ ਕ੍ਰਿਪਾ ਕਰਨ ਕਿ ਇਹ ਸਹਿਜਤਾ ਵਧਦੀ ਰਹੇ। ਆਪਦੇ ਇਸ ਮਾਨਵ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਵੱਧਦੀ ਰਹੇ ਤਾਂਕਿ ਦੇਸ਼ ਅਤੇ ਵਿਸ਼ਵ ਦਾ ਕਲਿਆਣ ਤੇਜੀ ਨਾਲ ਹੋ ਸਕੇ। ਦਾਤਾਰ ਕ੍ਰਿਪਾ ਕਰੇ, ਆਪ ਅਪਣੇ ਕਲਿਆਣਕਾਰੀ ਮਕਸਦ ਵਿਚ ਸਫਲ ਹੋਵੋ ਦੁਖ ਹਰਦੇ ਰਹੋ ਅਤੇ ਸੁਖ ਫੈਲਾਉਂਦੇ ਚਲੇ ਜਾਉ।

ਇਹ ਸਵਾਗਤੀ ਭਾਸ਼ਣ ਵਾਕਈ ਦਿਲਾਂ ਨੂੰ ਦਿਲਾਂ ਨਾਲ ਮਿਲਾਉਣ ਵਾਲਾ ਹੈ। ਦਾਤਾਰ ਕ੍ਰਿਪਾ ਕਰੇ ਅਜਿਹੇ ਬਜ਼ੁਰਗਾਂ ਦਾ ਮਾਰਗਦਰਸ਼ਨ ਲੰਬੇ ਸਮੇਂ ਤਕ ਸਾਨੂੰ ਮਿਲਦਾ ਰਹੇ।

ਮੰਚ ਸੰਚਾਲਕ ਸ਼੍ਰੀ ਵਿਵੇਕ ਮੋਜੀ ਜੀ ਦੱਸ ਰਹੇ ਹਨ ਕਿ **ਅੱਜ ਬਾਲ ਦਿਵਸ ਦੇ ਅਵਸਰ ਤੇ ਨਿਰੰਕਾਰੀ ਵੈਬਸਾਇਟ ਰਾਹੀਂ ਬੱਚਿਆਂ ਦੇ ਲਈ ਇਕ ਵਿਸ਼ੇਸ਼ Segment ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਵਿਚ ਗਿਆਨ ਨੂੰ ਖੇਡ ਦੇ ਮਾਧਿਯਮ ਰਾਹੀਂ ਰੋਚਕ ਢੰਗ ਨਾਲ ਸਮਝਾਇਆ ਗਿਆ ਹੈ।**

ਮੰਡੀ ਗੋਬਿੰਦਗੜ (ਪੰਜਾਬ) ਦੀ ਬਾਲ ਸੰਗਤ ਦੇ ਬੱਚੇ ਹੁਣ ਆਪਣੀ ਵਿਸ਼ੇਸ਼ ਪੰਜਾਬ ਵਿਚ ਇਸ ਮੰਚ ਦੀ ਸ਼ੋਭਾ ਵਧਾ ਰਹੇ ਹਨ। ਸੰਪੂਰਣ ਅਵਤਾਰ ਬਾਣੀ ਦੇ ਇਸ ਸ਼ਬਦ ਦਾ ਗਾਇਨ ਕਰ ਰਹੇ ਹਨ—

**ਸਬਰ ਸਿਦਕ ਦਾ ਚੋਲਾ ਹੋਵੇ ਤੇਰਾ ਇਕ ਸਹਾਰਾ ਰਹੇ।
ਸਾਧੂ ਰਹਿ ਕੇ ਦੁਨੀਆ ਅੰਦਰ ਵਾਂਗ ਕਮਲ ਦੇ ਨਿਆਰਾ ਰਹੇ।**

ਇਲਾਹਾਬਾਦ (ਉ.ਪ੍ਰ.) ਦੀ ਸੀਮਾ ਸਚਦੇਵਾ ਜੀ ਸਮਰਪਿਤ ਭਗਤ ਹਨ। ਹੁਣ ਉਨ੍ਹਾਂ ਦੀ ਵਾਰੀ ਹੈ। ਅਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਕਹਿ ਰਹੇ ਹਨ ਕਿ ਨਾਰੀ ਦੇ ਅਨੇਕ ਰੂਪ ਹਨ। ਅਨੇਕਾ ਰੂਪਾਂ ਵਿਚ ਇਹ ਸੇਵਾ ਕਰਦੀ ਆ ਰਹੀ ਹੈ।

◆ ਜੇ ਨਾਰੀ ਤੈਅ ਕਰ ਲਵੇ ਕਿ ਅਸੀ ਅਪਣੇ ਘਰਾਂ ਵਿਚ ਗਲਤ ਕਮਾਈ ਨਹੀਂ ਆਉਣ ਦੇਣੀ ਤਾਂ ਬਹੁਤ ਵੱਡੀ ਕ੍ਰਾਂਤੀ ਆ ਸਕਦੀ ਹੈ।

ਸ਼੍ਰੀ ਵਿਮਲੇਸ਼ ਅਹੂਜਾ

ਸ਼੍ਰੀ ਦੁਨੀ ਚੰਦ

ਸ਼੍ਰੀ ਮਹੇਂਦਰ 'ਗੁਲਸ਼ਨ'

ਸ਼੍ਰੀ ਸੀਮਾ ਸਚਦੇਵਾ

ਸ਼੍ਰੀ ਕੈਲਾਸ਼ ਨਰਾਇਣ ਤਿਵਾਰੀ

ਸ਼੍ਰੀ ਸੰਜੀਵਨ ਕੁਮਾਰ

❖ ਬ੍ਰਹਮਗਿਆਨ ਹੀ ਅਜਿਹੀ ਸਿਖਿਆ ਹੈ, ਜਿਸ ਨਾਲ ਮਨ ਵਿਚ ਅਜਿਹੇ ਵਿਚਾਰ ਉਤਪੰਨ ਹੁੰਦੇ ਹਨ, ਇਹ ਸਿਖਿਆ ਲੈਣਾ ਨਹੀਂ, ਦੇਣਾ ਸਿਖਾਂਦੀ ਹੈ। ਸਮਾਜ ਅਤੇ ਸੰਸਾਰ ਨੂੰ ਅਨੋਖੀ ਦੇਨ ਬ੍ਰਹਮਗਿਆਨੀ ਸੰਤ ਦੇਂਦੇ ਆਏ ਹਨ। ਬ੍ਰਹਮਗਿਆਨੀ ਸੰਤ ਬੱਚਿਆਂ ਨੂੰ ਸੁਖਾਂ ਦੇ ਨਾਲ ਸੰਸਕਾਰ ਵੀ ਪ੍ਰਦਾਨ ਕਰਦੇ ਹਨ।

❖ ਸਤਿਗੁਰੂ ਬਾਬਾ ਜੀ ਦੀ ਨਸ਼ਾਬੰਦੀ ਅਤੇ ਸਾਦਾ ਸ਼ਾਦੀਆਂ ਦੀ ਸਿਖਿਆ ਸਮਾਜ ਵਿਚ ਕ੍ਰਾਂਤੀ ਪੈਦਾ ਕਰ ਰਹੀ ਹੈ। ਸੰਤ ਸਮਾਗਮਾਂ ਦੀ ਵਿਵਸਥਾ ਵਿਚ ਠਰ-ਨਾਰੀ ਦੋਹਾਂ ਦਾ ਹੀ ਸਮਾਨ ਯੋਗਦਾਨ ਹੈ। ਇਹ ਆਧੁਨਿਕ ਸਮਾਜ ਦੇ ਲਈ ਪ੍ਰੇਰਣਾ ਸਰੋਤ ਹੈ।

ਇਸ ਸਿਖਿਆਦਾਇਕ ਭਾਸਣ ਦੇ ਬਾਦ ਅਵਸਰ ਮਿਲਿਆ ਹੈ ਜੈਪੁਰ ਦੇ ਗੀਤਕਾਰ ਮਹਾਤਮਾ ਛੋਟੂ ਲਾਲ ਜੋਰੀ ਨੂੰ। ਆਪਣੇ ੫ ਸਾਥੀਆਂ ਨਾਲ ਜੋ ਰਾਜਸਥਾਨੀ ਪਹਿਰਾਵੇ ਵਿਚ ਉਥੇ ਦੀ ਸੰਸਕ੍ਰਿਤੀ ਦੀ ਝਲਕ ਪੇਸ਼ ਕਰ ਰਹੇ ਹਨ, ਰਾਜਸਥਾਨੀ ਲੋਕ ਗੀਤ ਗਾ ਰਹੇ ਹਨ –

ਬਾਬਾ ਰਾਖ ਲੈ, ਚਰਣਾ ਮੈਂ ਮਹਾਨੇ ਰਾਖ ਲੈ,
ਆਇਆ ਛਾਂ ਘਣੀ ਦੂਰ ਥਾਰੈ . . . . .

ਸਾਡੇ ਪੁਰਾਣੇ ਸਾਥੀ ਵਿਮਲੇਸ਼ ਅਹੂਜਾ ਜੀ (ਦਿੱਲੀ) ਹੁਣ ਆਪਣੇ ਵਿਚਾਰ ਪ੍ਰਗਟ ਕਰਨ ਲਈ ਪ੍ਰੋਗਰਾਮ ਮੰਚ ਤੇ ਆ ਗਏ ਹਨ। ਤੇਜਸਵੀ ਬੁਲਾਰੇ ਵਿਮਲੇਸ਼ ਜੀ ਆਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ – **ਆਪਨੈ ਪ੍ਰੇਮ ਨਾਲ ਕਿਹਾ ਧੰਨ ਨਿਰੰਕਾਰ। ਧੰਨ ਨਿਰੰਕਾਰ ਨੂੰ ਜੇ ਕ੍ਰੋਧ ਨਾਲ ਕਹਿਣਾ ਚਾਹੀਏ ਤਾਂ ਕਹਿ ਹੀ ਨਹੀ ਸਕਾਗੇ ਕਿਉਂਕਿ ਨਿਰੰਕਾਰ ਪ੍ਰੇਮ ਦਾ ਸਰੋਤ ਹੈ। ਜਿਥੇ ਪ੍ਰੇਮ ਹੈ, ਉਥੇ ਕ੍ਰੋਧ ਜਾਂ ਨਫ਼ਰਤ ਲਈ ਕੋਈ ਸਥਾਨ ਨਹੀਂ ਹੋ ਸਕਦਾ।**

ਆਪ ਨੇ ਵਿਸ਼ਾਲ ਨਾਲ ਜੁੜ ਕੇ ਆਪਣਾ ਦ੍ਰਿਸ਼ਟੀਕੋਣ ਵਿਸ਼ਾਲ ਬਣਾਉਣ ਦੀ ਗੱਲ ਕਹੀ ਹੈ। ਇਸ ਬੁਲਾਰੇ ਨੇ ਸਰੋਤਿਆਂ ਨੂੰ ਕੁਝ ਸੋਚਣ ਲਈ ਮਜਬੂਰ ਕੀਤਾ ਹੈ, ਅਜਿਹਾ ਲਗਦਾ ਹੈ।

ਮੰਚ ਸੰਚਾਲਕ ਨੇ ਅੱਜ ਦੇ ਕਵੀਆਂ ਨੂੰ ਮੰਚ ਤੇ ਬੁਲਾਇਆ ਹੈ। ਸਹਵਸ਼੍ਰੀ ਸੁਸ਼ੀਲ ਤਰੰਗ (ਮੇਰਠ) ਸਵਰਣ ਸਿੰਘ ਕੋਮਲ (ਦਿੱਲੀ), ਕਰਮ ਸਿੰਘ 'ਕਰਮ' (ਬਾਘਾਪੁਰਾਣਾ), ਰਾਮ ਖਿਲਾਵਣ ਖਿਲੌਣਾ (ਕਾਨਪੁਰ) ਨੇ ਵੀ ਆਪਣੀਆਂ ਭਾਵਨਾਵਾਂ ਨੂੰ ਕਾਵਿ ਕਲਾ ਰਾਹੀਂ ਪੇਸ਼ ਕੀਤਾ ਹੈ।

ਇਸੀ ਦੌਰਾਨ ਸਾਬਕਾ ਕੇਂਦਰੀ ਮੰਤਰੀ (ਭਾਰਤ ਸਰਕਾਰ) ਸ੍ਰੀ ਜਗਦੀਸ਼ ਟਾਇਟਲਰ ਸਤਿਗੁਰੂ ਬਾਬਾ ਜੀ ਦੇ ਦਰਸ਼ਨਾਂ ਲਈ ਪਧਾਰੇ ਹਨ।

ਇਸ ਮੰਚ ਤੇ ਅੰਮ੍ਰਿਤਸਰ ਸੰਗੀਤ ਗਰੁੱਪ ਦੇ ਨੌਜਵਾਨ ਸਾਮੂਹਿਕ ਗੀਤ ਪੇਸ਼ ਕਰ ਰਹੇ ਹਨ।

ਲਖੀਮਪੁਰਖੀਰੀ (ਉ. ਪ੍ਰ.) ਦੇ ਤਜ਼ਰਬੇਕਾਰ ਮਹਾਤਮਾ ਕੈਲਾਸ਼ ਨਾਰਾਇਣ ਜੀ ਤਿਵਾਰੀ ਅਨੇਕ ਗ੍ਰੰਥਾਂ ਦੇ ਵਿਦਵਾਨ ਹਨ। ਪਾਕ-ਕੁਰਾਨ ਦੀਆਂ ਆਇਤਾਂ ਜਦੋਂ ਇਹ ਬੋਲਦੇ ਹਨ ਤਾਂ ਸਰਵ-ਧਰਮ ਸਮਭਾਵ ਸਾਕਾਰ ਹੋ ਉਠਦਾ ਹੈ। ਸ੍ਰੀ ਤਿਵਾਰੀ ਆਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ —

ਵੋ ਹੀ ਖੁਦਾ ਕੇ ਹੈਂ, ਵੋ ਹੀ ਰਸੂਲ ਵਾਲੇ ਹੈਂ,
ਜੋ ਜਾਨ ਦੇ ਕਰ ਭੀ ਖੁਦਾ ਕਾ ਨਾਮ ਕਰੋ।

ਬ੍ਰਹਮ ਅਤੇ ਜੀਵ ਦਾ ਸੰਬੰਧ ਸਪਸ਼ਟ ਕਰਦੇ ਹੋਏ ਆਪ ਕਹਿ ਰਹੇ ਹਨ ਕਿ - **ਪ੍ਰਿਥਵੀ ਰੂਪੀ ਬ੍ਰਿਛ ਤੇ ਦੋ ਪੰਛੀ ਰਹਿੰਦੇ ਹਨ - ਬ੍ਰਹਮ ਅਤੇ ਜੀਵ। ਜੋ ਪੱਕੇ ਦੋਸਤ ਹਨ। ਪਰਮਾਤਮਾ ਜੀਵ ਦੇ ਲਈ ਸ੍ਰਿਸ਼ਟਾ ਹੈ। ਪ੍ਰਭੂ ਜੀਵ ਦੇ ਲਈ ਭੋਗ-ਵਸਤੂਆਂ ਬਣਾ ਕੇ ਦ੍ਰਿਸ਼ਟਾ ਭਾਵ ਨਾਲ ਦੇਖਦਾ ਹੈ।**

ਆਪਨੇ ਪਾਕ-ਕੁਰਾਨ ਅਤੇ ਸ੍ਰੀਰਾਮਚਰਿਤ ਮਾਨਸ ਦੇ ਅਨੇਕਾਂ ਪ੍ਰਸੰਗ, ਉਦਾਹਰਣ ਸਹਿਤ ਸੁਣਾ ਕੇ ਸਰੋਤਿਆਂ ਦੀ ਵਾਹ-ਵਾਹੀ ਲੁਟੀ ਹੈ।

ਦਿੱਲੀ ਦੇ ਮੇਅਰ ਸ੍ਰੀ ਕੰਵਰ ਸੇਨ ਜੀ ਹੁਣ ਸਤਿਗੁਰੂ ਬਾਬਾ ਜੀ ਦਾ ਸਵਾਗਤ ਦਿੱਲੀ ਦੇ ਸ਼ਹਿਰੀਆਂ ਵੱਲੋਂ ਕਰ ਰਹੇ ਹਨ। ਨਗਰ ਨਿਗਮ ਦੇ ਨੇਤਾ ਸ੍ਰੀ ਸੁਭਾਸ਼ ਆਰੀਆ ਜੀ ਵੀ ਇਨ੍ਹਾਂ ਦੇ ਨਾਲ ਆਏ ਹਨ।

ਸ੍ਰੀ ਕੰਵਰ ਸੇਨ ਜੀ ਆਪਣੇ ਸੰਬੋਧਨ ਵਿਚ ਕਹਿ ਰਹੇ ਹਨ ਕਿ **ਸਤਿਗੁਰੂ ਬਾਬਾ ਜੀ ਦੇ ਚਰਣਾਂ ਵਿਚ ਹਾਜ਼ਰ ਹੋਣ ਕਾਰਣ ਮੈਂ ਆਪ ਨੂੰ ਪਰਮ ਸੁਭਾਗਸ਼ਾਲੀ ਮੰਨਦਾ ਹਾਂ। ਆਪ ਸਭ ਇਥੇ ਮਾਨਵ ਏਕਤਾ ਦਾ ਸੁੰਦਰ ਉਦਾਹਰਣ ਪੇਸ਼ ਕਰ ਰਹੇ ਹੋ। ਆਪਦੀ ਸ਼ਰਧਾ, ਪ੍ਰੇਮ ਅਤੇ ਭਗਤੀ ਭਾਵ ਸਤਿਗੁਰੂ ਬਾਬਾ ਜੀ ਦੀਆਂ ਸਿਖਿਆਵਾਂ ਦੇ ਜੀਵੰਤ ਪ੍ਰਮਾਣ ਹਨ।**

ਆਪਨੇ ਵਿਸ਼ਵ ਦੇ ਵਰਤਮਾਨ ਹਾਲਾਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਨਿਰੰਕਾਰੀ ਮਿਸ਼ਨ ਦੀਆਂ ਸਿਖਿਆਵਾਂ ਦੀ ਮਹੱਤਤਾ ਜਾਹਿਰ ਕੀਤੀ ਹੈ।

ਆਪਨੇ ਖੁਸ਼ੀ ਭਰਪੂਰ ਆਵਾਜ਼ ਵਿਚ ਕਿਹਾ ਹੈ ਕਿ - **ਮੈਂ ਭਾਰਤਵਰਸ਼ ਦੀ ਰਾਜਧਾਨੀ ਦਿੱਲੀ ਦੇ ਨਾਗਰਿਕਾਂ ਵੱਲੋਂ ਜਿਥੇ ਨਿਰੰਕਾਰੀ ਬਾਬਾ ਜੀ ਦਾ ਹਾਰਦਿਕ ਸਵਾਗਤ ਕਰਦਾ ਹਾਂ ਉਥੇ ਦੇਸ਼-ਵਿਦੇਸ਼ ਤੋਂ ਆਏ ਆਪ ਲੱਖਾਂ ਸ਼ਰਧਾਲੂਆਂ ਦਾ ਵੀ ਸਵਾਗਤ ਕਰਦਾ ਹਾਂ।**

ਮੁਬੰਈ (ਮਹਾਰਾਸ਼ਟਰ) ਤੋਂ ਆਈ ਪਦਮਾ ਐਂਡ ਪਾਰਟੀ ਦੀਆਂ ਭੈਣਾਂ ਹੁਣ ਸਾਮੂਹਿਕ ਗੀਤ ਪੇਸ਼ ਕਰ ਰਹੀਆਂ ਹਨ। ਮਰਾਠੀ ਭਾਸ਼ਾ ਦੇ ਇਸ ਗੀਤ ਵਿਚ ਮਹਾਂਰਾਸ਼ਟਰ ਦੇ ਭਗਤਾਂ ਰਾਹੀਂ ਰਚਿਤ ਅਭੰਗ ਸ਼ਾਮਿਲ ਕੀਤੇ ਗਏ ਹਨ। ਪਾਂਡੁਰੰਗ

ਸ੍ਰੀ ਲਾਲ ਕ੍ਰਿਸ਼ਣ ਆਡਵਾਨੀ
ਸਾਬਕਾ ਉਪ-ਪ੍ਰਧਾਨ ਮੰਤਰੀ

ਸ੍ਰੀ ਜਗਦੀਸ਼ ਟਾਈਟਲਰ
ਸਾਬਕਾ ਕੇਂਦਰੀ ਮੰਤਰੀ

ਸ੍ਰੀ ਸ਼ੈ ਪ੍ਰਕਾਸ਼ ਅਗਰਵਾਲ
ਅਧਿਅਕਸ਼, ਦਿਪ੍ਰ.ਕਾ.ਕਮੇਟੀ

ਸ੍ਰੀ ਡਾ. ਕੰਵਰਸੇਨ
ਮੇਅਰ, ਦਿੱਲੀ

ਅਤੇ ਵਿਠੱਲ ਦੇ ਨਾਂਵਾ ਨਾਲ ਪ੍ਰਭੂ ਦੀ ਵੰਦਨਾ ਕੀਤੀ ਗਈ ਹੈ।

ਸੀਕਰ (ਰਾਜਸਥਾਨ) ਤੋਂ ਆਏ ਨੌਜੁਆਨ ਸੰਤ ਸ੍ਰੀ ਸੰਜੀਵਨ ਕੁਮਾਰ ਹੁਣ ਅਪਣੀਆਂ ਭਾਵਨਾਵਾਂ ਪ੍ਰਗਟ ਰਹੇ ਰਹੇ ਹਨ। ਅੰਗਰੇਜ਼ੀ ਭਾਸ਼ਾ ਵਿਚ ਕਹਿ ਰਹੇ ਹਨ-

- **ਅਧਿਆਤਮਿਕਤਾ ਦੇ ਆਧਾਰ ਤੇ ਹੀ ਵੱਖ-ਵੱਖ ਧਰਮਾਂ ਵਿਚ ਏਕਤਾ ਸੰਭਵ ਹੈ।**
- **ਚੰਗੀਆਂ-ਪ੍ਰਵਿਰਤੀਆਂ ਵਿਵਹਾਰ ਵਿਚ ਕਿਉਂ ਨਹੀਂ ਆ ਪਾ ਰਹੀਆਂ ਹਨ, ਇਸ ਤੇ ਵਿਚਾਰ ਕਰਨ ਦੀ ਲੋੜ ਹੈ।**
- **ਏਕਤਵ ਦੇ ਸਿਧਾਂਤ ਨੂੰ ਜਾਣਨ-ਸਮਝਣ-ਅਨੁਭਵ ਕਰਨ ਦੀ ਜ਼ਰੂਰਤ ਹੈ।**

ਪਾਕਿਸਤਾਨ ਦੇ ਸੀਕੀ ਤੋਂ ਆਏ ਸ੍ਰੀ ਜੈਰਾਮ ਦਾਸ ਜੀ ਹੁਣ ਮੰਚ ਤੇ ਆ ਕੇ ਅਪਣੀਆਂ ਸ਼ੁਭ ਭਾਵਨਾਵਾਂ ਨੂੰ ਸ਼ਬਦ ਦੇ ਰਹੇ ਹਨ। ਕਹਿ ਰਹੇ ਹਨ ਕਿ **ਖੁਦਾ ਨੂੰ ਅਸੀ ਦੂਰ ਸਮਝਦੇ ਸੀ ਲੇਕਿਨ ਮਹਾਤਮਾਵਾਂ ਦੀ ਪ੍ਰੇਰਣਾ ਨਾਲ ਜਦੋਂ ਬ੍ਰਹਮਗਿਆਨ ਹਾਸਿਲ ਹੋਇਆ ਤਾਂ ਭਰਮ-ਜ਼ਾਲੇਖੇ ਦੂਰ ਹੋ ਗਏ ਹਨ। ਕਹਿ ਰਹੇ ਹਨ ਕਿ ਇਸ ਸਾਲ 36 ਮਹਾਤਮਾ ਆਏ ਹਨ। ਪ੍ਰਭੂ ਅੱਗੇ ਪ੍ਰਾਰਥਨਾ ਹੈ ਕਿ ਹਰ ਸਾਲ ਇਸ**

ਹਨ ਕਿ –

- ਮੈਂ ਜਿਸ ਖੇਤਰ ਵਿਚ ਕੰਮ ਕਰਦਾ ਹਾਂ, ਉਥੇ ਲੋਕਾਂ ਨੂੰ ਲਿਆਂਦਾ ਜਾਂਦਾ ਹੈ, ਜਦ ਕਿ ਆਪ, ਖੁਦ ਇਥੋਂ ਆਏ ਹੋ ਅਤੇ ਸਿਖਣ ਦੇ ਭਾਵ ਨਾਲ ਹਰ ਸਾਲ ਆਉਂਦੇ ਹੋ।
- ਸਾਧੂ-ਸੰਤ ਜਿਸ ਸ਼ਕਤੀ ਨਾਲ ਸਮਾਜ ਦੀਆਂ ਕਮੀਆਂ ਦੂਰ ਕਰਦੇ ਹਨ, ਉਹੀ ਸਮਰਥ ਸ਼ਕਤੀ ਹੈ।
- ਵਿਦਿਆਰਥੀ-ਜੀਵਨ ਵਿਚ ਮੈਂ ਵਿਅਕਤੀ ਨੂੰ ਮਾਪਣ ਦਾ ਮਾਪਦੰਡ ਬੁੱਧੀਮਤਾ (*IQ*) ਨੂੰ ਆਂਕਦਾ ਸੀ। ਬਾਦ ਵਿਚ ਮੈਨੂੰ ਲੱਗਿਆ ਕਿ ਭਾਵਨਾਤਮਕ ਯੋਗਤਾ (*EQ*) ਨਾਲ ਹੀ ਵਿਅਕਤੀ ਦਾ ਸਹੀ ਮੁਲਆਂਕਣ ਹੋ ਸਕਦਾ ਹੈ। ਕਿਉਂਕਿ ਯੋਗਤਾ-ਬੁੱਧੀਮਤਾ ਹੋਣ ਦੇ ਬਾਵਜੂਦ ਜੇ ਵਿਅਕਤੀ ਵਿਚ ਕ੍ਰੋਧ ਆਦਿ ਦੁਰਗੁਣ ਹਨ ਤਾਂ ਉਸਨੂੰ ਸਫਲਤਾ ਨਹੀਂ ਮਿਲੇਗੀ।
- ਬੁੱਧੀ ਯੋਗਤਾ ਅਤੇ ਭਾਵਨਾਤਮਕ ਯੋਗਤਾ ਤੋਂ ਵੱਧ ਕੇ ਹੈ *SQ* ਅਰਥਾਤ ਅਧਿਆਤਮਿਕ ਯੋਗਤਾ। ਇਸ ਨਾਲ ਨੈਤਿਕ ਯੋਗਤਾ ਵੀ ਜੁੜੀ ਹੈ। ਆਦਮੀ ਸਹੀ ਅਤੇ ਨੈਤਿਕ ਕੰਮ ਕਰੇ।
- ਕੰਪਿਊਟਰ ਸਿਖਿਆ, ਵਿਕਾਸ ਦੇ ਲਈ ਬਹੁਤ ਜ਼ਰੂਰੀ ਹੈ ਲੇਕਿਨ *EQ* ਅਤੇ *SQ* ਵਧਾਉਣ ਲਈ ਤਾਂ ਨਿਰੰਕਾਰੀ ਸਮਾਗਮ ਹੀ ਸਾਰਿਆਂ ਲਈ ਆਸਾਨ ਉਪਾਅ ਹੋ ਸਕਦੇ ਹਨ।
- ਸੰਤ ਸਮਾਗਮ ਦੀਆਂ ਸਿਖਿਆਵਾਂ ਸ਼ਾਂਤੀ , ਪ੍ਰੇਮ ਅਤੇ ਸਤਿਕਰਮ ਨੂੰ ਅਪਨਾਉਣ ਨਾਲ ਨਿਸ਼ਚਤ ਹੀ 21ਵੀਂ ਸਦੀ ਭਾਰਤ ਦੀ ਹੋਵੇਗੀ।

ਧੰਨਵਾਦ ਕਰਕੇ ਹੀ ਸ਼੍ਰੀ ਆਡਵਾਨੀ ਜੀ ਨੇ ਰਵਾਨਗੀ ਕੀਤੀ ਹੈ।

ਨਿਰੰਕਾਰੀ ਮਿਸ਼ਨ ਦੇ ਪੁਰਾਣੇ ਅਤੇ ਹਰਮਨ ਪਿਆਰੇ ਗੀਤਕਾਰ ਬਾਬੂ ਲਾਲ ਜੀ ਅਪਣੀ ਧਰਮਪਤਨੀ ਦਿਜੇ ਜੀ ਦੇ ਨਾਲ ਮੰਚ ਤੇ ਮੌਜੂਦ ਹਨ। ਸੰਤ ਸਮਾਗਮ ਦੀ ਗਰਿਮਾ ਗਿਣਤੀ ਵਿਚ ਇਕ ਜ਼ੀਰੋ ਜੁੜਦਾ ਚਲਾ ਜਾਏ ਤਾਂਕਿ ਹਰ ਵਾਰ ਇਸ ਗਿਣਤੀ ਵਿਚ ਦਸ ਗੁਣਾਂ ਵਾਧਾ ਹੋਵੇ।

ਇਨ੍ਹਾਂ ਨੇ ਬਹੁਤ ਸ਼ਰਧਾ ਨਾਲ ਪਾਕਿਸਤਾਨ ਵਿਚ ਸਮਾਗਮ ਹੋਣ ਦੀ ਪਰਿਕਲਪਨਾ ਪੇਸ਼ ਕੀਤੀ ਹੈ। ਤਾੜੀਆਂ ਦੀ ਗੜਗੜਾਹਟ ਵਿਚ ਕਹਿ ਰਹੇ ਹਨ ਕਿ ਦਾਸ ਹੋਵੇ ਜਾਂ ਨਾ ਹੋਵੇ ਲੇਕਿਨ ਪਾਕਿਸਤਾਨ ਵਿਚ ਵੀ ਸਮਾਗਮ ਹੋਵੇਗਾ।

ਜੰਮੂ ਦੇ ਮਾਸਟਰ ਅਨਮੋਲ ਜਾਯਸਵਾਲ ਹੁਣ ਮੰਚ ਤੇ ਹਨ। ਪਾਵਨ ਬਾਣੀ ਦਾ ਗਾਣ ਪੇਸ਼ ਕਰ ਰਹੇ ਹਨ। ਬੋਲ ਕੁਝ ਇਸ ਤਰ੍ਹਾਂ ਹਨ–

ਸਤਿਗੁਰੂ ਬੰਧਨ ਤੋੜ ਮਿਲਾ ਦੇ . . .

ਛੋਟੇ ਜਿਹੇ ਬੱਚੇ ਨੇ ਪੂਰੇ ਸਨਮਾਨ ਅਤੇ ਆਤਮ-ਵਿਸ਼ਵਾਸ ਨਾਲ ਅਪਣੇ ਵੱਡਿਆਂ ਦੇ ਨਾਲ ਗਾਇਆ ਹੈ।

ਸਤਿਗੁਰੂ ਬਾਬਾ ਜੀ ਨੇ ਮੁਸਕਰਾ ਕੇ ਇਸਦੀਆਂ ਕੋਮਲ ਭਾਵਨਾਵਾਂ ਨੂੰ ਸਵੀਕਰਤੀ ਪ੍ਰਦਾਨ ਕੀਤੀ ਹੈ।

ਭਾਰਤ ਦੇ ਸਾਬਕਾ ਉਪ-ਪ੍ਰਧਾਨ ਮੰਤਰੀ ਸ਼੍ਰੀ ਲਾਲਕ੍ਰਿਸ਼ਣ ਆਡਵਾਣੀ ਜੀ ਹੁਣ ਇਸ ਮੰਚ ਤੇ ਹਾਜ਼ਰ ਹੋਏ ਹਨ। ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ ਪੂਜਯ ਜੇ. ਆਰ. ਡੀ. 'ਸਤਿਆਰਥੀ' ਜੀ, ਆਡਵਾਣੀ ਜੀ ਨੂੰ ਦੁਪਟਾ ਪਾ ਕੇ ਸਵਾਗਤ ਕਰ ਰਹੇ ਹਨ।

ਹੁਣ ਸ਼੍ਰੀ ਆਡਵਾਣੀ ਜੀ ਨੂੰ ਅਪਣੇ ਭਾਵ ਪ੍ਰਗਟਾਉਣ ਦੀ ਬੇਨਤੀ ਕੀਤੀ ਗਈ ਹੈ। ਸ਼੍ਰੀ ਆਡਵਾਣੀ ਜੀ ਕਹਿ ਰਹੇ

ਬਿਆਨ ਕਰਦੇ ਹੋਏ ਗਾ ਰਹੇ ਹਨ –

ਕਿਤਨਾ ਸੁੰਦਰ ਸਵਰਗ ਜੈਸਾ, ਲਗਤਾ ਹੈ ਯਹ ਨਜ਼ਾਰਾ।

ਸੰਤ ਸਮਾਗਮ ਦਾ ਬਹੁਤ ਸੁੰਦਰ ਦ੍ਰਿਸ਼ ਇਨ੍ਹਾਂ ਨੇ ਖਿੱਚਿਆ ਹੈ।

ਮਸੂਰੀ (ਉਤਰਾਖੰਡ) ਦੇ ਸ਼੍ਰੀ ਹੇਮਰਾਜ ਬਾਹ ਹੁਣ ਆਪਣੇ ਭਾਵ ਵਿਅਕਤ ਕਰਦੇ ਹੋਏ ਕਹਿ ਰਹੇ ਹਨ –

❖ ਜੋ ਜਨੂ ਨੇਤਰਾਂ ਤੋ ਅਦ੍ਰਿਸ਼ ਹੈ ਜੋ ਫੜਿਆ ਨਹੀਂ ਜਾ ਸਕਦਾ ਹੈ, ਸਦਾ ਸਦੀਵਕਾਲ ਅਤੇ ਸੂਖਸ਼ਮ ਹੈ ਅਜਿਹੇ ਪਰਮਾਤਮਾ ਦੇ ਜਿਸ ਗਿਆਨ ਨਾਲ ਦਰਸ਼ਨ ਕੀਤੇ ਜਾਂਦੇ ਹਨ ਉਹ ਬ੍ਰਹਮਗਿਆਨ ਹੈ। ਇਹ ਬ੍ਰਹਮਗਿਆਨ ਅੱਜ ਨਿਰੰਕਾਰੀ ਬਾਬਾ ਜੀ ਦੇ ਕੋਲ ਹੈ।

❖ ਜਿਸ ਤਰ੍ਹਾਂ ਵਾਯੂਮੰਡਲ ਵਿਚ ਸੂਖਮ ਜਲ-ਕਣ ਮੌਜੂਦ ਹੁੰਦੇ ਹਨ, ਜਿਸ ਤੋਂ ਠੰਡਕ ਮਹਿਸੂਸ ਹੁੰਦੀ ਹੈ ਲੇਕਿਨ ਇਹ ਜਲ-ਕਣ ਦਿਖਦੇ ਨਹੀਂ, ਇਸੇ ਤਰ੍ਹਾਂ ਪਰਮਾਤਮਾ ਤੱਤ ਰੂਪ ਵਿਚ ਜਾਣਨ ਯੋਗ ਹੈ।

❖ ਬ੍ਰਹਮਗਿਆਨ ਪ੍ਰਾਪਤੀ ਹੋਣ ਦੇ ਬਾਦ ਇਨਸਾਨ ਵਿਚ ਪਾਵਨਤਾ ਪ੍ਰਵੇਸ਼ ਹੁੰਦੀ ਹੈ।

ਇਕ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਜੇ ਪਹਿਲੇ ਮਕਾਨ ਵਿਚ ਲੱਗੀ ਅੱਗ ਨੂੰ ਬੁਝਾਇਆ ਨਹੀਂ ਗਿਆ ਤਾਂ ਬਾਕੀ ਮਕਾਨ ਵੀ ਬਚ ਨਹੀਂ ਸਕਣਗੇ ਇਸਲਈ ਪਰਉਪਕਾਰ ਦਾ ਭਾਵ ਦਿਲੋ-ਦਿਮਾਗ਼ ਵਿਚ ਰਹਿਣਾ ਚਾਹੀਦਾ ਹੈ ਕਿਉਂਕਿ ਸਾਰਿਆ ਦੇ ਭਲੇ ਵਿਚ ਹੀ, ਸਾਡਾ ਵੀ ਭਲਾ ਹੈ।

ਚੇਨੱਈ (ਤਾਮਿਲਨਾਡੂ) ਤੋਂ ਆਈਆ ਭੈਣਾਂ ਵਿਮਲਾ ਅਤੇ ਰਾਧਾ ਜੀ ਹੁਣ ਤਮਿਲ ਭਾਸ਼ਾ ਵਿਚ ਗੀਤ ਪੇਸ਼ ਕਰ ਰਹੀਆਂ ਹਨ। ਗੀਤ ਵਿਚ ਸਤਿਗੁਰੂ ਬਾਬਾ ਜੀ ਦੇ ਪ੍ਰਤੀ ਸਨਮਾਨ, ਪ੍ਰੇਮ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਗੀਤ ਦੇ ਬੋਲਾਂ ਦਾ ਹਿੰਦੀ ਰੂਪਾਂਤਰ ਇਸ ਤਰ੍ਹਾਂ ਹੈ –

ਮੈਨੇ ਰਾਮ ਰਤਨ ਧਨ ਪਾਇਆ ਪ੍ਰਭੂ,
ਮਿਲੇ ਸਤਿਗੁਰੂ ਸਜਨ . . .

ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ਼੍ਰੀ ਜੈਪ੍ਰਕਾਸ਼ ਅਗਰਵਾਲ (ਸਾਂਸਦ-ਚੌਕਸਾ) ਵੀ ਸਤਿਗੁਰੂ ਬਾਬਾ ਜੀ ਦੇ ਦਰਸ਼ਨਾਂ ਲਈ ਪਧਾਰੇ ਹਨ।

ਕੇਦਰੀ ਜਾਂਚ ਬਿਊਰੋ ਦੇ ਸਾਬਕਾ ਨਿਦੇਸ਼ਕ ਡਾ. ਕਾਰਤੀਕੇਯਨ ਜੀ ਹੁਣ ਸੰਤ ਨਿਰੰਕਾਰੀ ਮਿਸ਼ਨ ਦੇ ਪ੍ਰਤੀ ਆਪਣੀਆਂ ਭਾਵਨਾਵਾਂ ਅੰਗਰੇਜ਼ੀ ਭਾਸ਼ਾ ਵਿਚ ਪ੍ਰਗਟ ਕਰ ਰਹੇ ਹਨ ਕਿ–

❖ ਸਤਿਗੁਰੂ ਬਾਬਾ ਜੀ, ਆਪਸ ਵਿਚ ਪ੍ਰੇਮ ਅਤੇ ਆਪਸੀ-ਤਾਲਮੇਲ ਵਧਾਉਣ ਲਈ ਜੋ ਮੁਹਿੰਮ ਚਲਾ ਰਹੇ ਹਨ, ਮੈਂ ਉਸਦੇ ਪ੍ਰਤੀ ਆਕਰਸ਼ਿਤ ਹਾਂ। ਉਨ੍ਹਾਂ ਦੀ ਸਾਦਗੀ ਅਤੇ ਸਭ ਦੇ ਪ੍ਰਤੀ ਪ੍ਰੇਮਮਈ ਦ੍ਰਿਸ਼ਟੀ ਸਹਿਜ ਹੀ ਪ੍ਰਭਾਵ ਛੱਡਦੀ ਹੈ।

❖ ਵਿਸਾਲ ਕੁੰਭ ਮੇਲੇ ਨਾਲ ਇਸ ਸੰਤ ਸਮਾਗਮ ਦੀ ਤੁਲਨਾ ਕਰਦੇ ਹੋਏ ਆਪ ਕਹਿ ਰਹੇ ਹਨ ਕਿ ਸਤਿਗੁਰੂ ਦੇ ਪ੍ਰਤੀ ਪ੍ਰੇਮ ਅਤੇ ਸ਼ਰਧਾ ਦੇ ਕਾਰਣ ਗਰੀਬ ਅਤੇ ਅਮੀਰ ਸਭ ਇਥੇ ਆਉਂਦੇ ਹਨ। ਇਥੇ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਨੂੰ ਕੋਈ ਥਾਂ ਨਹੀਂ ਦਿੱਤੀ ਜਾਂਦੀ। ਬਾਬਾ ਜੀ ਪ੍ਰੇਮ ਦੀ ਭਾਸ਼ਾ ਵਿਚ ਮਾਨਵਤਾ ਦਾ ਪਾਠ ਪੜਾਉਂਦੇ ਹਨ। ਇਸ ਜਨਸਮੂਹ ਵਿਚ ਬਜ਼ੁਰਗ ਵੀ ਹਨ, ਨੌਜਵਾਨ ਵੀ ਹਨ ਅਤੇ ਬੱਚੇ ਵੀ ਹਨ। ਤਿੰਨੋਂ ਪੀੜੀਆਂ ਇਕੱਠੀਆਂ ਸਤਿਗੁਰੂ ਬਾਬਾ ਜੀ ਦੇ ਸੱਚ-ਸੰਦੇਸ਼ ਨੂੰ ਸੁਣ ਰਹੀਆਂ ਹਨ।

❖ ਵਰਤਮਾਨ ਸਮੇਂ ਵਿਚ ਰਾਜਨੀਤੀ ਇਕ ਵੰਡਣ ਵਾਲਾ ਕਾਰਣ ਬਣ ਗਈ ਹੈ। ਇਸਦੇ ਉਲਟ ਇਥੇ ਇਕ ਪਰਮਾਤਮਾ ਦੇ ਆਧਾਰ ਤੇ ਸਭ ਨੂੰ ਇਕ-ਦੂਜੇ ਨਾਲ ਜੋੜਿਆ ਜਾ ਰਿਹਾ ਹੈ। ਇਸ ਨਾਲ ਸਮਾਜ ਜੁੜੇਗਾ।

ਆਪਦਾ ਕਹਿਣਾ ਹੈ ਕਿ ਜੇ ਬਾਬਾ ਜੀ ਦੀ ਇਹ ਮੁਹਿੰਮ ਸਫਲ ਹੁੰਦੀ ਹੈ ਤਾਂ ਸਾਨੂੰ 2020 ਦਾ ਇੰਤਜ਼ਾਰ ਨਹੀਂ ਕਰਨਾ ਪਏਗਾ। ਉਸ ਤੋਂ ਪਹਿਲਾਂ ਹੀ ਦੇਸ਼, ਮਹਾਨ ਦੇਸ਼ ਦੇ ਰੂਪ ਵਿਚ ਸਥਾਪਿਤ ਹੋ ਚੁਕਿਆ ਹੋਵੇਗਾ।

ਅੱਜ ਦੇ ਲਘੂ ਕਵੀ ਦਰਬਾਰ ਦਾ ਦੂਜਾ ਦੌਰ ਹੁਣ ਸ਼ੁਰੂ ਹੋ ਰਿਹਾ ਹੈ। ਸਰਵਸ਼੍ਰੀ ਕਰਤਾਰ ਚੰਦ (ਹਿਮਾਚਲ) ਆਤਮਾ ਸਿੰਘ (ਮੋਗਾ), ਮਹੇਦਰ ਗੁਲਸ਼ਨ (ਦਿੱਲੀ) ਅਤੇ ਸ਼੍ਰੀਮਤੀ



ਵਿਜੈ ਲਛਮੀ (ਦਿੱਲੀ) ਨੇ ਆਪਣੀਆਂ ਕਵਿਤਾਵਾਂ ਪੜ੍ਹ ਕੇ ਸਰੋਤਿਆਂ ਦੇ ਆਸ਼ੀਰਵਾਦ ਪ੍ਰਾਪਤ ਕੀਤੇ ਹਨ।

ਕਵੀ ਦਰਬਾਰ ਦਾ ਇਹ ਦੌਰ ਪਹਿਲਾਂ ਤੋਂ ਬਿਹਤਰ ਰਿਹਾ ਹੈ।

ਨਿਰੰਕਾਰੀ ਜਗਤ ਵਿਚ ਸਭ ਤੋਂ ਵੱਧ ਲੋਕਪ੍ਰਿਯ ਗੀਤਕਾਰਾਂ ਵਿਚੋਂ ਜਗਤ ਜੀ ਆਪਣੇ ਸਾਥੀਆਂ ਦੇ ਨਾਲ ਆਪਣੇ ਖ਼ੂਬ ਭਾਵ ਇਨ੍ਹਾਂ ਲਾਈਨਾਂ ਵਿਚ ਵਿਅਕਤ ਕਰ ਰਹੇ ਹਨ -

ਕਹੀਂ ਭੀ ਨ ਦੇ ਨਫ਼ਰਤ ਕਾ ਅਬ ਸ਼ੋਰ ਸੁਨਾਈ,
ਯਹਾਂ-ਵਹਾਂ ਔਰ ਜਹਾਂ-ਤਹਾਂ ਦੇ ਪਿਆਰ ਦਿਖਾਈ।
ਮਿਲਕੇ ਸਭ ਬੈਠੋ, ਲਗੇ ਜੰਨਤ ਕਾ ਨਜ਼ਾਰਾ,
ਕਾਇਮ ਹੋ ਸਬ ਇਨਸਾਨੋਂ ਮੇਂ ਭਾਈਚਾਰਾ।
ਮਿਸ਼ਨ ਹਮਾਰਾ ਯਹੀ ਹੈ ਭਾਈ ਮਿਸ਼ਨ ਹਮਾਰਾ....

ਪੂਰੇ ਗੀਤ ਵਿਚ ਅਜਿਹੇ ਹੀ ਜਾਗ੍ਰਤੀ ਪੈਦਾ ਕਰਨ ਵਾਲੇ ਭਾਵ ਹਨ।

ਪ੍ਰੋਗਰਾਮ ਦੇ ਅੰਤਿਮ ਦੌਰ ਵਿਚ ਸ਼੍ਰੀਮਤੀ ਰਾਜ ਵਾਸਦੇਵ ਸਿੰਘ ਜੀ, ਇੰਚਾਰਜ ਪ੍ਰਕਾਸ਼ਨ ਵਿਭਾਗ (ਦਿਕਰੀ) ਨੂੰ ਆਪਣੇ ਭਾਵ ਪ੍ਰਗਟ ਕਰਨ ਦਾ ਅਵਸਰ ਮਿਲਿਆ ਹੈ। ਆਪ ਨਿਰੰਕਾਰੀ ਮਿਸ਼ਨ ਦੇ ਇਤਿਹਾਸ ਦੀ ਝਲਕ ਪੂਰੇ ਵਿਸਤਾਰ ਨਾਲ ਵਿਖਾ ਰਹੇ ਹਨ। ਬਾਬਾ ਬੂਟਾ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ, ਜਗਤਮਾਤਾ ਬੁੱਧਵੰਤੀ ਜੀ, ਬਾਬਾ ਗੁਰਬਚਨ ਸਿੰਘ ਜੀ ਦੇ ਸਮੇਂ ਦੇ ਨਾਲ-ਨਾਲ ਅੱਜ ਦੇ ਸਮੇਂ ਸੰਬੰਧੀ ਕਈ ਸਾਰ-ਭਰਪੂਰ ਜਾਣਕਾਰੀਆਂ ਉਨ੍ਹਾਂ ਨੇ ਸਰੋਤਿਆਂ ਨੂੰ ਦਿੱਤੀਆਂ।

ਇਤਿਹਾਸਕ ਮਹੱਤਵ ਦੀ ਜਾਣਕਾਰੀ ਵਿਚ ਇਹ ਇਕ ਜ਼ਿਕਰਯੋਗ ਅਤੇ ਮਹੱਤਪੂਰਣ ਭਾਸ਼ਣ ਹੈ।

ਇਸ ਸਮੇਂ ਲੁਧਿਆਣਾ ਦੇ ਗੀਤਕਾਰ ਸ਼ਮਕੌਰ ਜੀ ਅਤੇ ਉਨ੍ਹਾਂ ਦੇ ਸਾਥੀ ਮੰਚ ਤੇ ਹਾਜ਼ਰ ਹਨ। ਸੰਪੂਰਣ ਅਵਤਾਰ ਬਾਣੀ ਦਾ ਸ਼ਬਦ ਗਾਇਨ ਕਰਦੇ ਹੋਏ ਕਹਿ ਰਹੇ ਹਨ -

ਤੂੰਹੀਂ ਤੂੰਹੀ ਨਿਰੰਕਾਰ ਕਰੀ ਜਾ
ਗੀਤ ਏਸ ਦੇ ਗਾਈ ਜਾ।
ਏਸੇ ਨੂੰ ਕਰ ਪਲ ਪਲ ਚੇਤੇ
ਦਿਲ ਵਿਚ ਖ਼ੂਬ ਵਸਾਈ ਜਾ।

ਪੰਡਾਲ ਵਿਚ ਪੂਰੀ ਤਰ੍ਹਾਂ ਸ਼ਾਂਤੀ ਦਾ ਵਾਤਾਵਰਣ ਹੈ। ਮਾਇਕ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਸਾਹਮਣੇ ਰੱਖ ਦਿੱਤਾ ਗਿਆ ਹੈ। ਦਿਲਾਂ ਨੂੰ ਝਿੰਝੋੜਦੀ ਹੋਈ ਸਤਿਗੁਰੂ ਬਾਬਾ ਜੀ ਦੀ ਆਵਾਜ਼ ਗੂੰਜ ਰਹੀ ਹੈ।

- **ਇਕ ਹੀ ਆਵਾਜ਼, ਇਕ ਹੀ ਪਿਆਰ ਦਾ ਡਰਾਮਾ ਸਾਰੇ ਗਾ ਰਹੇ ਹਨ।**
- **ਮਹਾਤਮਾ ਇਨਸਾਨ ਨੂੰ ਚੇਤਾਵਨੀ ਦੇ ਰਹੇ ਹਨ ਕਿ ਸਵਾਸ ਵਿਅਰਥ ਗਵਾਉਣ ਵਿਚ ਸਮਝਦਾਰੀ ਨਹੀਂ ਹੈ।**
- **ਹਰ ਸੰਤ ਮਹਾਤਮਾ ਦਾ ਸਦਾ ਇਹੀ ਸੰਦੇਸ਼ ਹੈ ਕਿ ਸੱਚ ਦੇ ਪ੍ਰਤੀ ਜਾਗਰੂਕ ਹੋ ਜਾ। ਆਪਣੀ ਅਸਲ ਹੋਂਦ ਦੀ ਪਹਿਚਾਣ ਕਰ।**
- **ਇਨਸਾਨ ਦੀਆਂ ਮੂਲ ਪ੍ਰਵਿਰਤੀਆਂ ਤਾਂ ਸਦਾ ਤੋਂ ਇਕੋ ਜਿਹੀਆਂ ਹੀ ਰਹੀਆਂ ਹਨ, ਜ਼ਰੂਰਤ ਸਿਰਫ ਐਨੀ ਹੈ ਕਿ ਇਨ੍ਹਾਂ ਪ੍ਰਵਿਰਤੀਆਂ ਨੂੰ ਸਕਾਰਾਤਮਕ ਦਿਸ਼ਾ ਦਿੱਤੀ ਜਾਏ।**
- **ਅਗਰ ਇਨਸਾਨ ਇਹ ਕੰਮ ਕਰੇਗਾ ਤਾਂ ਅਪਣਾ ਵੀ ਭਲਾ ਕਰੇਗਾ ਅਤੇ ਹੋਰਾਂ ਦਾ ਵੀ।**
- **ਨਦੀ ਨੇ ਵਗਣਾ ਹੀ ਹੈ। ਜੋ ਉਸ ਵਿਚ ਇਸ਼ਨਾਨ ਕਰਕੇ ਸਾਫ਼ ਹੋ ਜਾਂਦਾ ਹੈ, ਉਹੀ ਉਸਦਾ ਲਾਭ ਲੈ ਸਕਦਾ ਹੈ।**
- **ਸੂਰਤ ਤਾਂ ਇਨਸਾਨ ਵਾਲੀ ਹੈ, ਇਨਸਾਨ ਵਾਲੀ ਸੀਰਤ ਵੀ ਤਾਂ ਬਣੇ।**

(ਸਤਿਗੁਰੂਦੇਵ ਦੇ ਸੰਪੂਰਣ ਪ੍ਰਵਚਨ ਇਸੀ ਪਤ੍ਰਿਕਾ ਦੇ ਹੋਰ ਪੰਨਿਆਂ ਤੇ ਵੇਖੋ)।

ਸਤਿਗੁਰੂ ਬਾਬਾ ਜੀ ਦੇ ਜੀਵਨਦਾਈ ਪ੍ਰਵਚਨਾਂ ਦੇ ਬਾਦ ਅੱਜ ਦਾ ਪ੍ਰੋਗਰਾਮ ਸੰਪੰਨ ਹੋ ਗਿਆ ਹੈ। ਆਓ ਚਲੀਏ, ਕਲ ਮਿਲਾਂਗੇ। ■

ਦੂਜਾ ਦਿਨ
15 ਨਵੰਬਰ 2009 (ਐਤਵਾਰ)

ਸੇਵਾਦਲ ਰੈਲੀ – ਸਵੇਰੇ 10 ਵਜੇ

ਪਿਛਲੇ ਕੁਝ ਸਾਲਾਂ ਤੋਂ ਸੇਵਾਦਲ ਰੈਲੀ ਦੀ ਥਾਂ ਉਹੀ ਹੈ। ਇਸ ਸਾਲ ਵੀ ਕੰਵੈਨੇਸ਼ਨ ਗ੍ਰਾਊਂਡ ਵਿਚ ਇਹ ਪ੍ਰੋਗਰਾਮ ਰੱਖਿਆ ਗਿਆ ਹੈ।

ਸਤਿਗੁਰੂ ਬਾਬਾ ਜੀ ਅਤੇ ਮਾਤਰੀ ਸ਼ਕਤੀਆਂ ਦੇ ਮੰਚ ਦੇ ਸਾਹਮਣੇ ਦੋਂਡੀ ਗਿਣਤੀ ਵਿਚ ਸੇਵਾਦਲ ਦੇ ਜਵਾਨ ਭੈਣ-ਭਾਈ ਪੂਰੇ ਅਨੁਸ਼ਾਸਨ ਦੇ ਨਾਲ ਮੌਜੂਦ ਹਨ।

ਇਹ ਦਿਨ ਜਿਵੇਂ ਸੋਭਾ ਦੇ ਉਤਸ਼ਾਹ ਦਾ ਹੈ। ਦੇਸ਼-ਵਿਦੇਸ਼ ਤੋਂ ਆਏ ਸੇਵਾਦਲ ਦੇ ਸੇਵਾਦਾਰ ਵਰਦੀ ਅਤੇ ਅਨੁਸ਼ਾਸਨ ਦਾ ਜੀਵੰਤ ਰੂਪ ਪੇਸ਼ ਕਰ ਰਹੇ ਹਨ।

ਲਗਪਗ 12 ਵਜੇ ਸਤਿਗੁਰੂ ਬਾਬਾ ਜੀ, ਨਿਰੰਕਾਰੀ ਰਾਜਮਾਤਾ ਜੀ ਅਤੇ ਪ੍ਰਮੁਖ ਮਾਤਾ ਜੀ ਰੈਲੀ ਵਿਚ ਪਧਾਰੇ। ਸਰਦਾਰੀ ਦਾਸਦੇਵ ਸਿੰਘ ਅਤੇ ਐਚ ਪੀ ਨਿਰੰਕਾਰੀ (ਦੋਨੋਂ ਉਪਮੁਖ ਸੰਚਾਲਕ) ਵੀ ਉਨ੍ਹਾਂ ਦੇ ਪਿਛੇ ਖੜੇ ਹਨ।

ਹੁਸ਼ਿਆਰਪੁਰ (ਪੰਜਾਬ), ਨਿਰੰਕਾਰੀ ਕਲੋਨੀ, ਗੋਵਿੰਦਪੁਰੀ (ਦਿੱਲੀ), ਚੰਡੀਗੜ੍ਹ ਅਤੇ ਪੰਚਕੂਲਾ ਦਾ ਬੈਂਡ ਦੀ ਉਨ੍ਹਾਂ ਦੇ ਸਵਾਗਤ ਵਿਚ ਮਧੁਰ ਧੁੰਨਾਂ ਵਜਾ ਰਿਹਾ ਹੈ।

ਸਤਿਗੁਰੂ ਬਾਬਾ ਜੀ ਨੇ ਸੇਵਾਦਲ ਦੇ ਅਨੁਸ਼ਾਸਿਤ ਜਵਾਨਾਂ ਦਾ ਨਿਰੀਖਣ ਕੀਤਾ ਅਤੇ ਆਸ਼ੀਰਵਾਦ ਪ੍ਰਦਾਨ ਕੀਤਾ। ਇਕ ਸੁੰਦਰ ਮੁਸਕਾਨ ਨਾਲ ਸਤਿਗੁਰੂ ਬਾਬਾ ਜੀ ਸਾਰੇ ਸੇਵਾਦਾਰਾਂ ਨੂੰ ਆਸ਼ੀਰਵਾਦ ਪ੍ਰਦਾਨ ਕਰ ਰਹੇ ਹਨ।

ਸਤਿਗੁਰੂ ਬਾਬਾ ਜੀ ਦੇ ਮੰਚ ਦੇ ਖੱਬੇ ਪਾਸੇ ਮੰਤ ਨਿਰੰਕਾਰੀ ਮੰਡਲ ਦੇ ਉਚ ਅਧਿਕਾਰੀ ਅਤੇ ਦੂਰ ਦੇਸ਼ਾਂ ਤੋਂ ਆਏ ਸੰਤ ਮਹਾਤਮਾ ਮੌਜੂਦ ਹਨ।

ਬਿਗੁਲ ਦੀ ਧੁੰਨ ਦੇ ਨਾਲ ਸਤਿਗੁਰੂ ਬਾਬਾ ਜੀ ਨੇ ਸੱਚਾਈ ਅਤੇ ਸ਼ਾਂਤੀ ਦਾ ਪ੍ਰਤੀਕ ਸਫੇਦ ਝੰਡਾ ਲਹਿਰਾਇਆ ਹੈ।

ਸੇਵਾਦਲ ਦੇ ਇੰਚਾਰਜ ਸ਼੍ਰੀ ਰਾਮੇਸ਼ ਲਾਲ ਜੀ ਅਹੂਜਾ ਅਤੇ ਹੋਰ ਜੋਦਰੀ ਅਧਿਕਾਰੀਆਂ ਨੇ ਇਥੇ ਸਤਿਗੁਰੂ ਬਾਬਾ ਜੀ ਅਤੇ ਮਾਤਰੀਸ਼ਕਤੀਆਂ ਦਾ ਸਵਾਗਤ ਕੀਤਾ ਹੈ।

ਸਮਾਂ ਹੈ ਸੇਵਾਦਲ ਪ੍ਰਾਰਥਨਾ ਦਾ। ਸਹਸਰਾਂਸ਼ੀ ਆਦਾਖ ਵਿਚ ਸਾਰੇ ਗਾ ਰਹੇ ਹਨ—

ਹੇ ਸਤਿਗੁਰੂ ਹੇ ਭਗਵਾਨ ਮੁਝ ਕੋ ਤੇਰੇ ਪੇ ਹੈ ਦਾਤਾ ਮਾਨ,
ਤੂਹੀ ਆਨ ਮੇਰੀ, ਤੂਹੀ ਸ਼ਾਨ ਮੇਰੀ, ਤੂਹੀ ਜੀਵਨ ਹੈ ਤੂਹੀ ਪ੍ਰਾਣ,

ਸ਼੍ਰੀ ਹਰਖੇਮ ਲਾਲ ਅਹੂਜਾ

ਪ੍ਰਾਰਥਨਾ ਦੇ ਬਾਦ ਉਪਮੁਖ ਸੰਚਾਲਕ (ਫੀਲਡ) ਸ਼੍ਰੀ ਓ. ਪੀ. ਨਿਰੰਕਾਰੀ ਨੇ ਸੇਵਾਦਲ ਨੂੰ ਪੀ. ਟੀ. ਪਰੇਡ ਦੇ ਲਈ ਤਿਆਰ ਕੀਤਾ ਹੈ। ਪੂਰਣ ਅਨੁਸ਼ਾਸਨ ਦੇ ਨਾਲ ਸੇਵਾਦਲ ਦੇ ਇਹ ਸੇਵਾਦਾਰ ਅਧਿਆਤਮਿਕ ਲਗਨ ਅਤੇ ਸਮਰਪਣ ਦਾ ਪ੍ਰਦਰਸ਼ਨ ਕਰ ਰਹੇ ਹਨ। ਭਾਰਤ ਦੇ ਜਵਾਨ ਖਾਕੀ ਵਰਦੀ ਵਿਚ ਅਤੇ ਦੂਰਦੇਸਾਂ ਦੇ ਜਵਾਨ ਨੀਲੇ ਸੂਟ ਅਤੇ ਟਾਈ ਵਿਚ ਹਨ, ਪਰ ਦਿਲਾਂ ਵਿਚ ਸੇਵਾ - ਭਾਵ ਬਿਲਕੁਲ ਇਕੋ ਜਿਹਾ ਹੈ।

ਮਾਰਚ ਪਾਸਟ ਦਾ ਦ੍ਰਿਸ਼ ਸੁੰਦਰ ਲਗ ਰਿਹਾ ਹੈ। ਲੰਗਰ, ਅੱਗ-ਬੁਝਾਊ ਅਤੇ ਆਵਾਜਾਈ ਨਾਲ ਸੰਬੰਧਿਤ ਸੇਵਾਦਾਰ ਮਹਾਤਮਾ ਇਸਨੂੰ ਪੇਸ਼ ਕਰ ਰਹੇ ਹਨ। ਕੜਾਹੀਆਂ ਲਏ ਹੋਏ ਲੰਗਰ ਦੇ ਸੇਵਾਦਾਰ, ਮੋਟਰ ਸਾਈਕਲ ਤੇ ਟ੍ਰੈਫਿਕ ਗਾਈਡ, ਬੈਂਡ ਦੇ ਸੇਵਾਦਾਰ ਆਦਿ ਇਸ ਆਕਰਸ਼ਕ ਪ੍ਰਦਰਸ਼ਨ ਵਿਚ ਸ਼ਾਮਿਲ ਹਨ। ਕਵੀ ਕੁਦੇਦਰ ਦਿਲਬਰ ਦੀ ਆਕਰਸ਼ਕ ਪੇਸ਼ਕਾਰੀ ਇਸਨੂੰ ਹੋਰ ਵੀ ਰੋਚਕ ਰੂਪ ਪ੍ਰਦਾਨ ਕਰ ਦੇਂਦੀ ਹੈ। ਮਹਾਤਮਾ ਮੰਗ ਕਰ ਰਹੇ ਹਨ ਕਿ -

✤ ਸਤਿਗੁਰੂ ਸੇਵਾ ਦੇ ਅਵਸਰ, ਸੂਝ-ਬੂਝ ਅਤੇ ਯੋਗਤਾ ਪ੍ਰਦਾਨ ਕਰੇ।

✤ ਸੇਵਾ ਦਾ ਮੰਤਵ ਰਹੇ ਮਾਨਵ ਉਥੱਾਨ। ਨਾਲ ਹੀ ਰਹੇ ਉਤਸ਼ੁਕਤਾ।

✤ ਕੁਦਰਤੀ ਆਫ਼ਤਾਂ ਸਮੇਂ ਵੀ ਦੇਸ਼ ਸੇਵਾ ਜ਼ਾਰੀ ਰਹੇ। ਇਸ ਪੇਸ਼ਕਾਰੀ ਤੋਂ ਬਾਦ ਸਰਹਿੰਦ ਦੇ ਬਾਲ ਸੇਵਾਦਲ ਨੂੰ ਅਵਸਰ ਮਿਲਿਆ ਹੈ, ਪ੍ਰੋਗਰਾਮ ਪੇਸ਼ ਕਰਨ ਦਾ। ਇਹ ਮਿਲਵਰਤਣ ਦਾ ਸੰਦੇਸ਼ ਦੇਂਦੇ ਹੋਏ ਕਹਿ ਰਹੇ ਹਨ - **ਮਿਲ ਕੇ ਰਹੀਏ।** ਬੱਚਿਆਂ ਦੇ ਹੱਥਾ ਵਿਚ ਵੱਖ-ਵੱਖ ਰੰਗਾ ਦੇ ਫੁੱਲ ਹਨ। ਜੋ ਅਲਗ-ਅਲਗ ਧਰਮਾਂ, ਜਾਤੀਆਂ, ਸੰਸਕ੍ਰਿਤੀਆਂ ਆਦਿ ਦੇ ਪ੍ਰਤੀਕ ਹਨ। ਇਹ ਫੁੱਲ ਭਿਰ ਇਕੱਠੇ ਹੁੰਦੇ ਹੋਏ ਵੀ ਦਿਖਾਏ ਗਏ ਹਨ। ਇਹ **ਅਨੇਕਤਾ ਵਿਚ ਏਕਤਾ** ਦੇ ਭਾਵ ਨੂੰ ਪ੍ਰਗਟ ਕਰ ਰਹੇ ਹਨ।

ਮਨ ਰੂਮੀ ਮੋਰ ਸਤਿਗੁਰੂ ਦੇ ਅੱਗੇ ਨੱਚ ਉਠਿਆ, ਅੱਜ ਦੇ ਇਸ ਪ੍ਰੋਗਰਾਮ ਰਾਹੀਂ।

ਇਸਦੇ ਬਾਦ ਸੰਦੇਸ਼ ਦਿੱਤਾ ਗਿਆ ਹੈ ਅੰਦਰੂਨੀ ਅਤੇ ਬਾਹਰੀ ਵਾਤਾਵਰਣ ਦੇ ਸੰਤੁਲਨ ਦਾ, ਜੋ ਕਿ ਸਤਿਗੁਰੂ ਦੀ ਛੱਤਰਛਾਇਆ ਹੇਠ ਹੀ ਹੋ ਸਕਦਾ ਹੈ।

'ਖਿੜੇ ਮੱਥੇ ਸੇਵਾ' ਦਾ ਭਾਵ ਹੁਣ ਪੇਸ਼ ਕੀਤਾ ਜਾ ਰਿਹਾ ਹੈ ਲੁਧਿਆਣਾ ਦੇ ਸੇਵਾਦਾਰਾਂ ਰਾਹੀਂ। ਇਨ੍ਹਾਂ ਦਾ ਕਹਿਣਾ ਹੈ-

✤ ਸੇਵਾ ਖੁਸ਼ੀ ਦੇ ਨਾਲ, ਚਿੱਤ ਲਗਾ ਕੇ ਕਰੋ ਅਤੇ ਗੁਰੂ ਨੂੰ ਰਿਝਾ ਲਓ।

✤ ਖੁਸ਼ੀ ਦੇ ਨਾਲ ਸੇਵਾ ਕਰਾਂਗੇ ਤਾਂ ਤਕਦੀਰ ਵੀ ਨਾਲ-ਨਾਲ ਹੱਸੇਗੀ।

ਪੰਜਾਬੀ ਅਤੇ ਹਰਿਆਣਵੀ ਭਾਸ਼ਾ ਦੇ ਗੀਤਾ ਰਾਹੀਂ ਇਨ੍ਹਾਂ ਨੇ ਖੁਸ਼ੀ-ਖੁਸ਼ੀ ਸੇਵਾ ਕਰਨ ਦਾ ਮਾਰਗ ਸਮਝਾਇਆ ਹੈ। ਇਸ ਪੇਸ਼ਕਾਰੀ ਵਿਚ ਹਾਸ-ਵਿਅੰਗ ਦੀ ਝਲਕ ਵੀ ਦਿਖਾਈ ਦਿੱਤੀ ਹੈ। ਸਰੋਤਿਆ ਨੇ ਜ਼ੋਰਦਾਰ ਤਾੜੀਆਂ ਨਾਲ ਇਸ ਪ੍ਰੋਗਰਾਮ ਦਾ ਭਰਪੂਰ ਸਵਾਗਤ ਕੀਤਾ ਹੈ।

ਹੁਣ ਅਵਸਰ ਮਿਲਿਆ ਹੈ ਹੁਸ਼ਿਆਰਪੁਰ (ਪੰਜਾਬ) ਦੇ ਸੇਵਾਦਲ ਨੂੰ। ਰੱਸਾ ਖਿੱਚ ਮੁਕਾਬਲੇ ਰਾਹੀਂ ਜਿੱਥੇ ਸਰੀਰਕ ਸ਼ਕਤੀ ਦਾ ਅੰਦਾਜ਼ਾ ਕਰ ਰਹੇ ਹਨ, ਉੱਥੇ ਹੀ ਮਨ ਹੀ ਮਨ ਇਹ ਸੰਕਲਪ ਵੀ ਦੁਹਰਾ ਰਹੇ ਹਨ ਕਿ ਦਾਤਾਰ ਦੀ ਦਿੱਤੀ ਹੋਈ ਸ਼ਕਤੀ ਸੇਵਾ ਵਿਚ ਹੀ ਲੱਗੇ।

'ਬਾਬਾ ਜੀ ਪਹਿਲਾਂ ਮੈਨੂੰ ਸੇਵਾ ਦਿਓ' ਇਸ ਭਾਵ ਦਾ ਪ੍ਰਗਟਾਵਾ ਇਸ ਪ੍ਰੋਗਰਾਮ ਰਾਹੀਂ ਕੀਤਾ ਗਿਆ ਹੈ। ਹਾਰ-ਜਿੱਤ ਦੀ ਸੀਮਾ ਤੋਂ ਪਰੇ ਰਹਿ ਕੇ ਇਨ੍ਹਾਂ ਨੇ ਭਰਾਤਰੀ ਪ੍ਰਤੀਯੋਗਤਾ ਦਾ ਸਮਾਪਨ ਕੀਤਾ ਹੈ।

ਮਦਨਗੀਰ (ਦਿੱਲੀ) ਦੇ ਸੇਵਾਦਲ ਦੇ ਜਵਾਨ ਹੁਣ ਜੋ ਪ੍ਰੋਗਰਾਮ ਪੇਸ਼ ਕਰ ਰਹੇ ਹਨ, ਉਸ ਵਿਚ ਕਿਹਾ ਗਿਆ ਹੈ ਕਿ -

- **ਜੇਕਰ ਭਾਣੇ ਵਿਚ ਰਹਿਣਾ ਆ ਜਾਏ ਤਾਂ ਪਹਾੜ ਵਰਗੀ ਮੁਸ਼ਕਿਲ ਵੀ ਆਸਾਨ ਹੋ ਸਕਦੀ ਹੈ।**
- **ਉਚਾਈਆਂ ਤਾਂ ਮਿਲ ਜਾਂਦੀਆਂ ਹਨ ਲੇਕਿਨ ਜੇ ਉਚਾਈ ਤੇ ਟਿਕ ਨਾ ਸਕੇ ਤਾਂ ਫਿਰ ਹੇਠਾਂ ਡਿਗਣ ਤੇ ਚੋਟ ਵੀ ਬਹੁਤ ਲਗਦੀ ਹੈ। ਜ਼ਰੂਰਤ ਹੈ ਉਚਾਈ ਤੇ ਟਿਕੇ ਰਹਿਣ ਦੀ, ਸੰਜਮ ਰਾਹੀਂ।**
- **ਜਿਸਨੇ ਉਚਾਈਆਂ ਪ੍ਰਦਾਨ ਕੀਤੀਆਂ ਹਨ, ਇਸ ਸ਼ਕਤੀ ਨੂੰ ਕਦੇ ਵੀ ਨਹੀਂ ਭੁਲਣਾ ਚਾਹੀਦਾ।**
- **ਆਓ ਮਰ੍ਹੱਮ ਲਗਾਈਏ, ਕਿਸੇ ਨੂੰ ਚੋਟ ਨਾ ਪਹੁੰਚਾਈਏ।'**

ਇਸ ਵਿਚ ਦਿਖਾਇਆ ਗਿਆ ਹੈ ਕਿ ਹੱਥ-ਪੈਰ ਦੇ ਬਿਨਾਂ ਵੀ ਸੇਵਾ ਲਈ ਤਿਆਰ। ਇਹ ਸਮਰਪਣ ਹੀ ਭਗਤਾਂ ਦੀ ਪੂੰਜੀ ਹੈ।

ਨਵਾਂ ਸ਼ਹਿਰ ਦਾ ਬਾਲ ਸੇਵਾਦਲ ਹੁਣ ਅਪਣੀ ਪੇਸ਼ਕਾਰੀ ਲਈ ਤਿਆਰ ਹੈ। ਦੇਸ਼ ਰਾਹੀਂ **'ਅਨੇਕਤਾ ਵਿਚ ਏਕਤਾ'** ਦਾ ਪ੍ਰਿਸ਼ ਸਾਕਾਰ ਕਰ ਰਹੇ ਹਨ। ਸਦ ਇਕ ਨਿਰੰਕਾਰ ਪ੍ਰਭੂ ਦਾ ਰੂਪ ਹਿਰਦੇ ਵਿਚ ਹੋ ਜਾਂਦਾ ਹੈ ਤਾਂ ਕਿਸੇ ਵੀ ਧਰਮ, ਜਾਤੀ, ਸੰਸਕ੍ਰਿਤੀ ਅਤੇ ਦੇਸ਼ ਦੇ ਲੋਕ ਇਕ ਹੋ ਜਾਂਦੇ ਹਨ।

ਇਸ ਸੁੰਦਰ ਪੇਸ਼ਕਾਰੀ ਦੇ ਬਾਦ ਹੁਣ ਬਰੈਨੀ ਖੇਤਰ ਨੂੰ ਅਵਸਰ ਮਿਲਿਆ ਹੈ। ਇਹ ਕੇਕੜਾ ਰੇਸ ਦਾ ਪ੍ਰਦਰਸ਼ਨ ਕਰ ਰਹੇ ਹਨ। ਇਸ ਪੇਸ਼ਕਾਰੀ ਦਾ ਮੁਲਜ਼ਾਫ ਹੈ ਕਿ –

ਗੁਰੂ ਦੇ ਦਰਸ਼ਨਾਂ ਦਾ ਇਹ ਪ੍ਰਤਾਪ ਹੈ ਕਿ ਕੇਕੜੇ ਵੀ ਇਥੇ ਲੱਤ ਨਹੀਂ ਖਿੱਚ ਰਹੇ ਬਲਕਿ ਨਾਲ-ਨਾਲ ਅੱਗੇ ਵੱਧ ਰਹੇ ਹਨ।

ਹੁਣ ਅਵਸਰ ਮਿਲਿਆ ਹੈ, ਕਾਗੜਾ ਖੇਤਰ ਨੂੰ। ਇਨ੍ਹਾਂ ਨੇ ਡੱਡੂਆਂ ਦੇ ਆਪਸੀ-ਦਵੰਦ ਨੂੰ ਦਰਸਾ ਕੇ **ਸ਼ਾਂਤੀ ਅਤੇ ਸਦਭਾਵਨਾ** ਦਾ ਸੰਦੇਸ਼ ਦਿੱਤਾ ਹੈ।

ਹੁਸ਼ਿਆਰਪੁਰ (ਪੰਜਾਬ) ਦੇ ਜਵਾਨ ਹੁਣ ਮੰਚ ਤੇ ਆਏ ਹਨ। ਇਸ ਪੇਸ਼ਕਾਰੀ ਵਿਚ ਮੀਰਨ ਦੀ ਵਰਤਮਾਨ ਭੱਜ ਦੌੜ ਨੂੰ ਦਰਸਾਇਆ ਗਿਆ ਹੈ। ਮੱਖਣ ਪਹਿਲਵਾਨ ਅਤੇ ਰਸਮਲਾਈ ਪਹਿਲਵਾਨ ਦੇ ਚਰਿੱਤਰਾਂ ਰਾਹੀਂ ਅੱਜ ਦੀ ਸਾਮਾਜਿਕ ਸਥਿਤੀ ਵਿਚ ਵਿਅਕਤੀ ਦੀ ਝਗੜਾਲੂ ਭੂਮਿਕਾ ਨੂੰ ਦਰਸਾਇਆ ਹੈ।

ਹੁਣ ਅਵਸਰ ਮਿਲਿਆ ਹੈ - ਪੰਜਾਬ ਦੇ ਰਵਨਤਾਰਨ ਖੇਤਰ ਨੂੰ। ਇਨ੍ਹਾਂ ਦੀ ਪੇਸ਼ਕਾਰੀ ਹੈ- **ਅਭਿਮਾਨ ਦਾ ਚੱਕਰ।** ਕਹਿ ਰਹੇ ਹਨ ਕਿ ਸਤਿਗੁਰੂ ਦੁਆਰਾ ਦਿੱਤਾ ਗਿਆ ਗਿਆਨ ਹੀ ਇਸ ਚੱਕਰ ਤੋਂ ਬਚਾ ਸਕਦਾ ਹੈ।

ਅਭਿਮਾਨ ਰੂਪੀ ਗੇਂਦ ਲਗਾਤਾਰ ਘੁੰਮ ਰਹੀ ਹੈ। ਜੋ ਜਵਾਨ ਇਸ ਨਾਲ ਛੂਹ ਜਾਂਦਾ ਹੈ, ਆਊਟ' ਹੋ ਜਾਂਦਾ ਹੈ। ਧਿਆਨ ਹਟਿਆ ਨਹੀਂ ਕਿ ਪੈਰ ਤੋਂ ਬਾਹਰ।

ਇਨ੍ਹਾਂ ਦਾ ਕਹਿਣਾ ਹੈ ਕਿ ਮਰਿਯਾਦਾ ਵਿਚ ਰਹਿ ਕੇ ਸੇਵਾ ਕਰੀਏ।

ਅੱਜ ਦੀ ਅੰਤਿਮ ਪੇਸ਼ਕਾਰੀ ਪਟਿਆਲਾ ਬੈਂਡ ਦੇ ਸੇਵਾਦਲ ਰਾਹੀਂ ਪੇਸ਼ ਕੀਤੀ ਜਾ ਰਹੀ ਹੈ। ਬੈਨਰ ਤੇ ਲਿਖਿਆ ਹੈ - **ਸੇਵਾ ਅਤੇ ਸੇਵਾਦਲ**। ਇਨ੍ਹਾਂ ਦਾ ਕਹਿਣਾ ਹੈ —

ਸੇਵਾਦਲ ਹੈ ਸੇਵਾ ਦੇ ਲਈ,
ਆਓ ਸੇਵਾ ਕਰਦੇ ਜਾਈਏ, ਅਸੀ ਸੇਵਾਦਾਰ ਹਾਂ।

ਇਸ ਗੀਤ ਦੇ ਮਾਧਿਅਮ ਨਾਲ ਇਨ੍ਹਾਂ ਨੇ ਸੇਵਾਦਲ ਦੀ ਭੂਮਿਕਾ ਨੂੰ ਸਪਸ਼ਟ ਕੀਤਾ ਹੈ। ਇਸ ਵਿਚ ਸਮਾਜ ਸੇਵਾ ਵਿਚ ਜੀਵਨ ਦੇਣ ਵਾਲੇ ਸ਼ਹੀਦਾਂ ਦੀ ਸ਼ਾਨਦਾਰ ਕੁਰਬਾਨੀ ਦੀ ਸ਼ਲਾਘਾ ਕੀਤੀ ਗਈ ਹੈ। ਇਸ ਸੰਦੇਸ਼ ਦੇ ਨਾਲ ਇਸਦਾ ਸਮਾਪਨ ਹੋਇਆ ਹੈ —

ਹੁਕਮ ਵਿਚ ਰਹਿ ਕੇ ਸੇਵਾ ਹੋਵੇ, ਕਿਸੇ ਵੀ ਸੰਤ ਦਾ
ਦਿਲ ਨਾ ਦੁਖੇ, ਧਿਆਨ ਰਹੇ।

ਇਸ ਦੇ ਨਾਲ ਰੈਲੀ ਦਾ ਪ੍ਰੋਗਰਾਮ ਹੁਣ ਅੰਤਿਮ ਦੌਰ ਵਿਚ ਹੈ। ਸੇਵਾਦਲ ਦੇ ਭਾਈ-ਭੈਣ ਗਾ ਰਹੇ ਹਨ।

ਨਾ ਹਿੰਦੂ ਨਾ ਸਿੱਖ ਈਸਾਈ, ਨਾ ਹਮ ਮੁਸਲਮਾਨ ਹੈਂ।
ਮਾਨਵਤਾ ਹੈ ਧਰਮ ਹਮਾਰਾ, ਹਮ ਕੇਵਲ ਇਨਸਾਨ ਹੈਂ।

ਸੇਵਾਦਲ ਦੇ ਸਾਰੇ ਜਵਾਨ ਇਸ ਮਾਰਚਿੰਗ ਗੀਤ ਵਿਚ ਸ਼ਾਮਿਲ ਹਨ।

ਇਸਦੇ ਬਾਦ **'ਸਤਿਗੁਰੂ ਪ੍ਰਣਾਮ'** ਕਰਕੇ ਸਾਰੇ ਸੇਵਾਦਾਰਾਂ ਨੇ ਅਪਣੇ ਸਥਾਨ ਤੇ ਖੜੇ ਹੋ ਕੇ ਸੇਵਾ ਕਰਨ ਦੀ ਸ਼ਕਤੀ ਮੰਗੀ ਹੈ।

ਸੰਤ ਨਿਰੰਕਾਰੀ ਸੇਵਾਦਲ ਦੇ ਇੰਚਾਰਜ ਹਰਬੰਸ ਲਾਲ ਜੀ ਅਹੋਰਾ ਹੁਣ ਅਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ-

- **ਜਿਸ ਰੂਪ ਵਿਚ ਸਤਿਗੁਰੂ ਬਾਬਾ ਜੀ ਸਾਡੇ ਤੋਂ ਸੇਵਾ ਕਰਵਾਣੀ ਚਾਹੁੰਦੇ ਹਨ, ਅਸੀਂ ਕਰ ਸਕੀਏ।**
- **ਪੂਰਣ ਅਨੁਸ਼ਾਸਨ ਵਿਚ, ਅਪਣੇ ਅਧਿਕਾਰੀਆਂ ਦੇ ਮਾਰਗਦਰਸ਼ਨ ਹੇਠ ਸੇਵਾ ਕਰੀਏ।**
- **ਸੇਵਾ ਦਾ ਅਨੰਦ ਨਿਰਾਲਾ ਹੈ। ਇਸਨੂੰ ਉਹੀ ਮਹਿਸੂਸ ਕਰ ਸਕਦਾ ਹੈ, ਜੋ ਸੇਵਾ ਕਰਦਾ ਹੈ।**

ਅੰਤ ਵਿਚ ਆਪ ਅਰਦਾਸ ਕਰ ਰਹੇ ਹਨ ਕਿ —

ਹੇ ਦਿਆਲੂ, ਆਪਨੇ ਜੋ ਸੇਵਾ ਕ੍ਰਿਪਾ ਕਰਕੇ ਸਾਨੂੰ ਬਖਸ਼ੀ ਹੈ, ਅਸੀਂ ਉਸਨੂੰ ਪੂਰੀ ਲਗਨ ਨਾਲ ਨਿਭਾ ਸਕੀਏ। ਸੇਵਾ, ਸਿਮਰਨ, ਸਤਿਸੰਗ ਦਾ ਦਾਨ ਦਿਓ, ਸ਼ਕਤੀ ਦਿਓ, ਤਾਂਕਿ ਅਪਦੇ ਦਰਸਾਏ ਮਾਰਗ ਤੇ ਚਲਦੇ ਰਹੀਏ।

ਅਪਣੇ ਸ਼ੁਹਮਲੀਨ ਬਾਬਾ ਪ੍ਰਤਾਪ ਸਿੰਘ ਜੀ, ਬਲਵੰਤ ਸਿੰਘ ਜੀ 'ਨਿਰਮਾਣ' ਅਤੇ ਰੰਘਾਲ ਸਿੰਘ ਜੀ 'ਪ੍ਰੇਮੀ' ਨੂੰ ਵੀ ਸ਼ਰਧਾਪੂਰਵਕ ਯਾਦ ਕੀਤਾ ਹੈ।

ਸੇਵਾਦਲ ਦੇ ਇਸ ਪੂਰੇ ਪ੍ਰੋਗਰਾਮ ਦਾ ਸੰਚਾਲਨ ਸ਼੍ਰੀ ਰਾਜਜਨ ਸਿੰਘ ਜੀ 'ਰੋਹਤੀ' (ਮੁੱਖ-ਮੁਖ ਸੰਚਾਲਕ) ਨੇ ਕੀਤਾ ਹੈ।

ਮਾਇਕ ਹੁਣ ਸਤਿਗੁਰੂ ਬਾਬਾ ਜੀ ਦੇ ਸਾਹਮਣੇ ਰੱਖਿਆ ਜਾ ਚੁਕਿਆ ਹੈ। ਸੰਤ ਸੇਵਾਦਾਰਾਂ ਨੂੰ ਅਸੀਸ ਅਤੇ ਜਾਗ੍ਰਤੀ ਪ੍ਰਦਾਨ ਕਰਦੇ ਹੋਏ ਸਤਿਗੁਰੂ ਬਾਬਾ ਜੀ ਫਰਮਾ ਰਹੇ ਹਨ ਕਿ-

- **ਦੇਸ਼ ਵਿਚ ਹੋਣ ਜਾਂ ਦੂਰ-ਦੇਸ਼ਾਂ ਵਿਚ, ਸੇਵਾਦਾਰ ਸੰਗਤਾਂ ਅਤੇ ਸਮਾਜ ਦੀ ਸੇਵਾ ਲਈ ਵਰਦੀ ਪਾ ਕੇ ਤਿਆਰ ਰਹਿੰਦੇ ਹਨ।**
- **ਕੁਦਰਤੀ ਆਫ਼ਤਾਂ ਦੇ ਸਮੇਂ ਵੀ ਸੇਵਾਦਲ ਰਾਹੀਂ ਯੋਗਦਾਨ ਦਿੱਤਾ ਜਾਂਦਾ ਹੈ। ਨਾਲ ਹੀ ਸੰਗਤਾਂ ਵੀ ਸਹਿਯੋਗ ਦੇਂਦੀਆਂ ਹਨ।**
- **ਕੈਡਰ, ਜਜ਼ਬੇ ਅਤੇ ਸੰਗਠਨ ਸੰਰਚਨਾ ਦੇ ਰਾਹੀਂ ਇਸ਼ਾਰਾ ਮਿਲਦੇ ਹੀ ਇਹ ਫੌਰਨ ਚੇਤੰਨ ਹੋ ਜਾਂਦੇ ਹਨ।**
- **ਸੇਵਾਦਲ ਦੇ ਸੇਵਾਦਾਰ ਤਪ-ਤਿਆਗ ਦੇ ਧਿਆਨ ਨਾਲ ਨਿਸ਼ਕਾਮ-ਭਾਵ ਨਾਲ ਸੇਵਾ ਕਰ ਰਹੇ ਹਨ।**
- **ਸੇਵਾ ਸ਼ਰਮ ਦੀ ਨਹੀਂ, ਫ਼ਖਰ ਦੀ ਗੱਲ ਹੈ।**
- **ਤਨ ਅਤੇ ਧਨ ਦੀ ਸੇਵਾ ਵੀ ਤਦ ਹੀ ਸਮਰਪਿਤ ਹੋ ਸਕਦੀ ਹੈ ਜਦ ਮਨ ਵਿਚ ਭਗਤੀ ਭਾਵ ਹੁੰਦਾ ਹੈ।**
- **ਸੇਵਾ ਕਰਦੇ ਸਮੇਂ ਮਰਿਯਾਦਾ ਵਿਚ ਰਹੀਏ। ਨਿਮਰਤਾ ਅਤੇ ਸਹਿਨਸ਼ੀਲਤਾ ਦਾ ਭਾਵ ਕਾਇਮ ਰੱਖੀਏ।**

(ਪੂਰੀ ਵਿਚਾਰ ਕਿਸੇ ਹੋਰ ਪੰਨਿਆ ਤੇ ਵੇਖੋ)

ਸਤਿਸੰਗ ਦੁਪਹਿਰ 2 ਵਜੇ

ਸ਼੍ਰੀ ਹਾਕੇਸ਼ ਮੁਟਰੇਜਾ

ਸੇਵਾਦਲ ਰੈਲੀ ਦੇ ਪ੍ਰੋਗਰਾਮ ਦੇ ਕਾਰਣ ਅੱਜ ਦਾ ਸਤਿਸੰਗ ਪ੍ਰੋਗਰਾਮ ਕੁਝ ਦੇਰੀ ਨਾਲ ਸ਼ੁਰੂ ਹੋਇਆ ਹੈ। 62ਵੇਂ ਸੰਤ ਸਮਾਗਮ ਦੀ ਪ੍ਰੋਗਰਾਮ ਕਮੇਟੀ ਦੇ ਇੰਚਾਰਜ ਸ਼੍ਰੀ ਜੇ ਡੀ 'ਸਤਿਆਰਥੀ' ਜੀ ਨੇ ਸਤਿਸੰਗ ਸ਼ੁਰੂ ਕੀਤਾ ਹੈ, ਸੰਗਤਾਂ ਨੂੰ ਸਤਿਸੰਗ ਪੰਡਾਲ ਵਿਚ ਖੁਲ੍ਹਾ ਕੇ।

ਅੱਜ ਦੇ ਮੰਚ ਸੰਚਾਲਨ ਦੀ ਜ਼ਿੰਮੇਦਾਰੀ ਨੌਜਵਾਨ ਮਹਾਤਮਾ ਰਾਕੇਸ਼ ਮੁਟਰੇਜਾ (ਦਿੱਲੀ) ਨੂੰ ਮਿਲੀ ਹੈ।

ਸ਼ੁਰੂਆਤ ਹੋਈ ਹੈ ਕੀਰਤਨ ਨਾਲ। ਜ਼ਿੰਮੇਵਾਰੀ ਕਲੋਨੀ ਦਿੱਲੀ ਦੇ ਨੌਜਵਾਨ ਕੀਰਤਕਾਰ ਰਾਘਵ ਵਾਸੁਦੇਵ ਜੀ ਨੇ ਸੰਪੂਰਣ ਅਵਤਾਰ ਬਾਣੀ ਦਾ ਗਾਇਣ ਕੀਤਾ ਹੈ। ਉਹ ਗਾ ਰਹੇ ਹਨ –

ਪਰਮ ਪਿਤਾ ਪਰਮਾਤਮਾ ਕਣ ਕਣ ਤੇਰਾ ਵਾਸ।
ਕਰਣ ਕਰਾਵਣਹਾਰ ਤੂ ਸਭ ਕੁਝ ਤੇਰੇ ਪਾਸ।
ਅੰਗ-ਸੰਗ ਤੁਝ ਕੋ ਦੇਖ ਕੇ ਅਵਤਾਰ ਕਰੇ ਅਰਦਾਸ,
ਤੂ ਰਖਾ ਅਧਿਰਾਜ ਹੈ ਮੈਂ ਦਾਸੋਂ ਕਾ ਦਾਸ।

ਕੀਰਤਨ ਦੀ ਇਸ ਲੜੀ ਨੂੰ ਅੱਗੇ ਵਧਾਇਆ ਹੈ। ਤਜਰਬੇਕਾਰ ਗੀਤਕਾਰ ਮਾਸਟਰ ਮਦਨ ਜੀ ਨੇ। ਸਤਿਗੁਰੂ ਵੰਦਨਾ ਦੇ ਬਾਦ ਇਹ ਗ਼ਜ਼ਲ ਪੇਸ਼ ਕਰ ਰਹੇ ਹਨ –

ਸਭ ਸੇ ਪਿਆਰ ਦਿਲ ਸੇ ਮੁਹੱਬਤ ਕੀਆ ਕਰੋ।
ਨਜ਼ਰੋਂ ਮੇਂ ਹੋ ਖੁਦਾ ਤੋ ਇਬਾਦਤ ਕੀਆ ਕਰੋ।
ਮਜ਼ਹਬ ਕਾ ਝਗੜਾ ਠਾ ਰਹੇ ਠਾ ਜਾਤ ਕਾ ਵਜੂਦ,
ਆਏ ਨਜ਼ਰ ਜੋ ਗੈਰ ਤੋਂ ਅਪਨਾ ਕੀਆ ਕਰੋ।

ਗ਼ਜ਼ਲ ਬਹੁਤ ਸੁੰਦਰ ਲਿਖੀ ਅਤੇ ਗਾਈ ਗਈ ਹੈ।

ਭੀਲਵਾੜਾ (ਰਾਜਸਥਾਨ) ਦੇ ਜਗਪਾਲ ਸਿੰਘ ਜੀ ਹੁਣ ਰਾਜਸਥਾਨੀ ਭਾਸ਼ਾ ਵਿਚ ਅਪਣੇ ਵਿਚਾਰ ਪ੍ਰਗਟ ਕਰ ਰਹੇ ਹਨ। ਕਹਿ ਰਹੇ ਹਨ ਕਿ –

ਦੁਨੀਆ ਵਿਚ ਇਨਸਾਨ ਕੁਝ ਵੀ ਆਸਾਨੀ ਨਾਲ ਹਾਸਿਲ ਕਰ ਸਕਦਾ ਹੈ ਲੇਕਿਨ ਸੰਤਾਂ ਦੀ ਸੰਗਤ ਮੁਸ਼ਕਿਲ ਨਾਲ ਮਿਲਦੀ ਹੈ। ਸੰਤ ਸਮਾਗਮ ਵਿਚ ਆਉਣ ਦੇ ਬਾਦ ਇਨਸਾਨ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ। ਗਿਆਨ ਨੈਤਰ ਮਿਲ ਜਾਂਦੇ ਹਨ ਤਾਂ ਕਣ-ਕਣ ਵਿਚ ਪਰਮਾਤਮਾ ਨਜ਼ਰ ਆਉਣ ਲਗਦਾ ਹੈ। ਪਰਮਾਤਮਾ ਦੇ ਗਿਆਨ ਨਾਲ ਅਨੰਦ ਮਿਲਦਾ ਹੈ।

ਆਪਦਾ ਕਹਿਣਾ ਹੈ ਕਿ ਦੁਨੀਆ ਵਿਚ ਬਾਕੀ ਸਭ ਕੁਝ ਤਾਂ Set (ਸੰਤੁਲਿਤ) ਹੈ ਲੇਕਿਨ ਆਦਮੀ Upset (ਅਸੰਤੁਲਿਤ) ਹੈ। ਗੁਰੂ ਦੀ ਕ੍ਰਿਪਾ ਨਾਲ ਹੀ ਇਨਸਾਨ ਸੰਤੁਲਿਤ ਹੋ ਸਕਦਾ ਹੈ।

ਅਨੇਕਾਂ ਉਦਾਹਰਣ ਅਤੇ ਹਵਾਲੇ ਦੇ ਕੇ ਇਨ੍ਹਾਂ ਨੇ ਅਪਣੀ ਗੱਲ ਨੂੰ ਸਿੱਧ ਕੀਤਾ ਹੈ।

ਰੀਵਾ (ਮ.ਪ੍ਰ.) ਦੀ ਭੈਣ ਜਮੁਨਾ ਸ਼ਿਜਵਾਨੀ ਜੀ ਹੁਣ ਸਿੰਧੀ ਭਾਸ਼ਾ ਵਿਚ ਗੀਤ ਪੇਸ਼ ਕਰ ਰਹੀ ਹੈ, ਜਿਸਦੇ ਬੋਲ ਹਨ

ਸਤਿਗੁਰ ਇਕ ਤੂ ਵ ਡੜੀ, ਮਾਂ ਤ ਦੀਆ ਤੁਹਿਜੇ ਆਸਰੇ।

ਇਸ ਗੀਤ ਦੇ ਨਾਲ ਹੀ ਭਾਸ਼ਾਈ ਤਾਲਮੇਲ ਦਾ ਦ੍ਰਿਸ਼ ਜੀਵੰਤ ਹੋ ਗਿਆ ਹੈ। ਰਾਜਸਥਾਨੀ ਦੇ ਬਾਦ ਸਿੰਧੀ ਅਤੇ ਹੁਣ ਮਹਾਰੀ ਭਾਸ਼ਾ ਵਿਚ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਕਲਿਆਣ ਦੇ ਅਨੰਦ ਭੰਦੂਰ ਜੀ ਕਹਿ ਰਹੇ ਹਨ ਕਿ –

ਪੂਰਣ ਸਤਿਗੁਰੂ ਦੇ ਚਰਣਾਂ ਵਿਚ ਆ ਕੇ ਹੀ ਬ੍ਰਹਮਗਿਆਨ ਦੀ ਪ੍ਰਾਪਤੀ ਹੁੰਦੀ ਹੈ। ਭਵਸਾਗਰ ਦੀ ਭਕਟਣ ਗੁਰੂ ਦੀ ਕ੍ਰਿਪਾ ਨਾਲ ਹੀ ਸਮਾਪਤ ਹੁੰਦੀ ਹੈ।

ਸੰਤ ਤੁਕਾਰਾਮ ਜੀ, ਸਮਰਥ ਗੁਰੂ ਰਾਮਦਾਸ ਜੀ, ਮੁਕਤਾਬਾਈ, ਤਾਂਗਦੇਵ, ਨਿਵਰਤੀਨਾਥ ਆਦਿ ਮਹਾਨਮਾਵਾਂ ਦੇ ਉਦਾਹਰਣ ਦੇ ਕੇ ਇਨ੍ਹਾਂ ਨੇ ਅਪਣੀ ਗੱਲ ਕੀਤੀ ਹੈ

ਭਗਤੀ ਦਾ ਭੇਦ ਸਮਝਾਇਆ ਹੈ।

ਵਾਰਾਣਸੀ (ਉ.ਪ੍ਰ.) ਤੋਂ ਆਈ ਸ਼ਵੇਤਾ ਪੰਸ਼ ਹੁਣ ਗੀਤ ਪੇਸ਼ ਕਰ ਰਹੀ ਹੈ। ਗੀਤ ਬੋਲ ਹਨ–

ਇਤਨੀ ਹੀ ਕ੍ਰਿਪਾ ਬਰਸਾ ਦੇ ਪ੍ਰਭੂ,
ਇਤਨੀ ਹੀ ਦਯਾ ਬਰਸਾ ਦੇ ਪ੍ਰਭੂ,
ਹਰ ਪਲ ਮੈਂ ਤੁਝ ਕੋ ਪਾਯਾ ਕਰੂ. .

ਮਾਲਵਾ ਏਰੀਆ ਅਤੇ ਮਿਸਾਲ ਸਾਂਤੀ ਦੇ ਇਸ ਮੰਚ ਤੇ ਹੁਣ ਅਵਸਰ ਮਿਲਿਆ ਹੈ ਅਸਟ੍ਰੇਲੀਆ ਦੇ ਸ਼ਹਿਰ ਐਡੀਲੇਡ ਤੋਂ। ਅਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ ਦੁਨੀਆ ਵਿਚ ਅੱਜ ਪ੍ਰੀਵਰਤਨ ਦੀ ਜ਼ਰੂਰਤ ਹੈ। ਪ੍ਰੀਵਰਤਨ ਨਿਰੰਤਰ ਹੋ ਵੀ ਰਹੇ ਹਨ ਲੇਕਿਨ ਸਕਾਰਾਤਮਕ ਪ੍ਰੀਵਰਤਨ ਚਾਹੀਦਾ ਹੈ ਤਾਂਕਿ ਦੁਨੀਆਂ ਵਿਚ ਸੁਖ-ਸ਼ਾਂਤੀ ਆ ਸਕੇ।

ਆਪ ਸਭ ਇਥੇ ਸਤਿਗੁਰੂ ਬਾਬਾ ਜੀ ਦੇ ਦਰਸ਼ਨ ਕਰ

ਸ੍ਰੀ ਗੋਬਿੰਦ ਸਿੰਘ
ਅਧਿਕਾਰੀ ਨੈ.ਬ.ਅਤੇ ਸ.ਸ.

ਸ੍ਰੀ ਤੇਜਿੰਦਰ ਖੰਨਾ
ਉਪਰਾਜਪਾਲ, ਦਿੱਲੀ

ਰਹੇ ਹੈ। ਇਨ੍ਹਾਂ ਦੇ ਵਚਨਾਂ ਨੂੰ ਅਪਣੇ ਜੀਵਨ ਵਿਚ ਉਤਾਰਨਾ ਹੋਵੇਗਾ ਤਾਂ ਹੀ ਜੀਵਨ ਵਿਚ ਸੁਖਦ ਪ੍ਰੀਵਰਤਨ ਹੋ ਸਕਣਗੇ।

ਆਪ ਦਾ ਅਨੁਭਵ ਹੈ ਕਿ ਪੱਛਮੀ ਸੰਸਕ੍ਰਿਤੀ ਵਿਚ ਰਹਿੰਦੇ ਹੋਏ ਵੀ ਅਪਣੀਆਂ ਅਧਿਆਤਮਿਕ ਪ੍ਰੰਪਰਾਵਾਂ ਅਤੇ ਭਗਤੀ ਭਾਵ ਨਾਲ ਜੋੜੀ ਰੱਖਣ 'ਚ ਸਤਿਗੁਰੂ ਦੇ ਬਚਨ ਸਹਾਇਕ ਹੋਏ ਹਨ।

ਹੁਣ ਮੰਚ ਤੇ ਆਏ ਹਨ ਰੋਹਤਕ (ਹਰਿਆਣਾ) ਦੇ ਸਤਬੀਰ ਨਿਰਾਲਾ ਜੀ। ਹਰਿਆਣਵੀ ਭਾਸ਼ਾ ਵਿਚ ਗੀਤ ਪੇਸ਼ ਕਰ ਰਹੇ ਹਨ, ਜਿਸਦੇ ਬੋਲ ਹਨ –

ਭਲਾ ਕਿਸੇ ਕਾ ਹੋਤਾ ਹੋ ਤੋ ਮਤ ਨਾ ਟਾਂਗ ਅੜਾਈਏ।
ਗਿਰੇ ਹੋਏ ਮਾਨਸ ਨੈ ਕੈਲੀ ਭਰ ਕੈ ਉਠਾਈਏ।

ਇਸ ਸਲਾਹ ਦਾ ਹੀ ਮਹੱਤਿਆ ਤੇ ਅਨੁਕੂਲ ਪ੍ਰਭਾਵ ਪਿਆ ਹੈ। ਜੈਪੁਰ (ਰਾਜਸਥਾਨ) ਦੇ ਭੂਪਰਾਮ ਜੀ ਸ਼ਰਮਾ ਸੰਸਕ੍ਰਿਤ ਭਾਸ਼ਾ ਵਿਚ ਅਪਣੇ ਭਾਵ ਪ੍ਰਗਟ ਕਰ ਰਹੇ ਹਨ। ਕਹਿ ਰਹੇ ਹਨ ਕਿ –

ਸਾਧ ਸੰਗਤ ਕਰਨ ਨਾਲ ਮਨੁੱਖ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਨਾਲ ਹੀ ਯਸ਼ ਵੀ ਮਿਲਦਾ ਹੈ।

ਰਾਉਰਕੇਲਾ (ਉੜੀਸਾ) ਤੋਂ ਆਈ ਸਮਿਤਾ ਮਹਾਪਾਤਰਾ ਨੇ ਵੀ ਉੜੀਆ ਗੀਤ ਰਾਹੀ ਇਸ ਭਾਸ਼ਾਈ ਤਾਲਮੇਲ ਵਿਚ ਯੋਗਦਾਨ ਦਿੱਤਾ ਹੈ।

ਦੁਰਗ (ਛੱਤੀਸਗੜ੍ਹ) ਤੋਂ ਆਏ ਸ੍ਰੀ ਕੇਸਰ ਸਿੰਘ ਬੈਲਵਾ ਨੂੰ ਅਪਣੀਆਂ ਭਾਵਨਾਵਾਂ ਨੂੰ ਸ਼ਬਦ ਰੂਪ ਦੇ ਰਹੇ ਹਨ। ਰਾਸ਼ਟਰ ਭਾਸ਼ਾ ਵਿਚ ਅਪਣੇ ਮਿਸ਼ਨ ਵਿਚ ਪ੍ਰਵੇਸ਼ ਦੇ ਜਜ਼ੇ ਦਾ ਵਰਨਣ ਕਰ ਰਹੇ ਹਨ। ਕਿਸ ਤਰ੍ਹਾਂ ਉਨ੍ਹਾਂ ਨੇ ਸਤਿਗੁਰੂ ਬਾਬਾ ਜੀ ਦੇ ਮੁੱਖਾਰਬਿੰਦ ਵਿਚ ਪ੍ਰਥਮ ਮਿਲਾਪ ਦੀ ਪ੍ਰਥਤੀ ਕਰਕੇ ਸੁਖ-ਸ਼ਾਂਤੀ ਸੰਤੋਖ ਹਾਸਿਲ ਕੀਤਾ।

ਕਪੂਰਥਲਾ (ਪੰਜਾਬ) ਦਾ ਢਾਡੀ ਜੱਥਾ ਹੁਣ ਅਪਣੇ ਗਾਇਨ ਦੇ ਲਈ ਹਾਜ਼ਿਰ ਹੈ। ਪੰਜਾਬੀ ਲੈਕਰੀਤ ਵਿਚ ਕਹਿ ਰਹੇ ਹਨ –

ਸਤਿਕਾਰ ਗੁਰੂ ਦਾ ਕਰਨਾ ਹੈ ਸਭ ਦਾ ਸਤਿਕਾਰ ਕਰੋ।
ਅਤੇ
ਕਰੀਏ ਭਲਾ ਮਨੁੱਖ ਦਾ ਏਹੀ ਸਤਿਗੁਰੂ ਚਾਹੁੰਦੈ।

ਸਫ਼ੇਦ ਪਹਿਰਾਵੇ, ਸਫ਼ੇਦ ਪਗੜੀ ਅਤੇ ਖਾਕੀ ਜਾਕੇਟ ਪਾਈ ਇਹ ਨੌਜਵਾਨ ਅਨੇਕਾਂ ਸਾਜ-ਯੰਤਰਾਂ ਰਾਹੀ ਅਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ। ਸਾਥੀਗੀ ਇਸ ਲੈਕਰੀਤ ਦਾ ਮੁੱਖ ਸਾਜ ਖੰਜਰ ਹੈ।

ਦੁਰਗ (ਛੱਤੀਸਗੜ੍ਹ) ਦੇ ਮਹਾਤਮਾ ਸਾਧੋਰਾਮ ਜੀ ਛੱਤੀਸਗੜੀ ਭਾਸ਼ਾ ਵਿਚ ਅਪਣੇ ਭਾਵ ਪ੍ਰਗਟ ਕਰ ਰਹੇ ਹਨ-

- **ਸੱਚਾ ਸੁਖ ਚਾਹੀਦਾ ਹੈ ਤਾਂ ਸਤਿਗੁਰੂ ਦੇ ਬਚਨਾਂ ਨੂੰ ਅਪਣੇ ਜੀਵਨ ਵਿਚ ਅਪਨਾਈਏ।**
- **ਮਨੁੱਖੀ ਜਨਮ ਦਾ ਮੂਲ ਕਰਤੱਵ ਪਰਮਾਤਮਾ ਦੀ ਪ੍ਰਾਪਤੀ ਹੈ।**
- **ਸਾਰੇ ਮਨੁੱਖਾਂ ਨੂੰ ਸਹਾਰਾ ਦੇਣ ਵਾਲੇ ਦਾ ਸਹਾਰਾ ਜੋ ਲੈ ਲੈਂਦਾ ਹੈ, ਉਹੀ ਸੰਸਾਰ ਤੋਂ ਤਰ ਜਾਂਦਾ ਹੈ।**

ਨਿਹੰਕਾਰੀ ਕਲੋਨੀ ਦੀ ਸੁਮੀਤ-ਦੀਲਿਤ ਔਡ ਪਾਰਟੀ ਦੇ ਨੌਜਵਾਨ ਮਹਾਤਮਾ ਹੁਣ ਪੰਜਾਬੀ ਭਾਸ਼ਾ ਵਿਚ ਗੀਤ ਪੇਸ਼ ਕਰ ਕਰੇ ਹਨ। ਬੋਲ ਹਨ –

ਮੈਂਰੇ ਮੁਰਸ਼ਦ ਦਾ ਆਸਰਾ ਲੈ ਕੇ
ਤੇਰੀ ਰਾਹੇ ਸਲਾਮ ਕਰਦੇ ਹਾਂ,
ਨਾ ਵੈਰੀ ਕੋਈ ਨਾ ਗੈਰ ਕੋਈ
ਇਹ ਦੁਨੀਆ ਹੈ ਪਿਆਰਾਂ ਦੀ।

ਰਜੌਰੀਗਾਰਡਨ (ਦਿੱਲੀ) ਦੇ ਰਹਤਬੇਕਾਰ ਗੀਤ ਇੰਦਰ ਨਾਥ ਸਹਮਾ ਜੀ ਨੂੰ ਹੁਣ ਅਵਸਰ ਪ੍ਰਦਾਨ ਕੀਤਾ ਗਿਆ ਹੈ। ਅਪਣੇ ਭਾਵ ਪ੍ਰਗਟ ਕਰਦੇ ਹੋਏ ਕਹਿ ਰਹੇ ਹਨ ਕਿ –

ਅੱਜ ਇਨਸਾਨ ਭੌਤਿਕ ਤਰੱਕੀ ਖੂਬ ਕਰ ਚੁੱਕਿਆ ਹੈ। ਲੇਕਿਨ ਨੈਤਿਕ ਪਤਨ ਵੀ ਨਾਲ-ਨਾਲ ਹੋ ਰਿਹਾ ਹੈ। ਸਾਮਾਨ ਹੈ ਪਰ ਸੁਖ-ਸ਼ਾਂਤੀ ਨਹੀਂ ਹੈ। ਧਨ ਨਾਲ ਇਨਸਾਨ ਸਾਮਾਨ ਤਾਂ ਖਰੀਦ ਸਕਦਾ ਹੈ ਲੇਕਿਨ ਸ਼ਾਂਤੀ ਦੇ ਲਈ ਤਾਂ ਪਰਮਾਤੱਮ ਨਿਰੰਕਾਰ ਪ੍ਰਭੂ ਨਾਲ ਜੁੜਨਾ ਹੋਵੇਗਾ, ਸਤਿਗੁਰੂ ਦੀ ਕ੍ਰਿਪਾ ਰਾਹੀ।

ਸਤਿਗੁਰੂ ਇਨਸਾਨ ਨੂੰ ਪ੍ਰਿਥਵੀ ਅਤੇ ਬ੍ਰਹਮ ਨੂੰ ਅਲਗ-ਅਲਗ ਕਰਕੇ ਬ੍ਰਹਮ ਦਾ ਬੋਧ ਕਰਾਉਂਦੇ ਹਨ। ਸੋਚ ਬਦਲ ਕੇ ਨਵੀ ਊਰਜਾ ਦਾ ਸੰਚਾਰ ਕਰਦੇ ਹਨ।

ਬ੍ਰਹਮਗਿਆਨ ਰਾਹੀ ਜਦੋਂ ਦ੍ਰਿਸਟੀਕੋਣ ਬਦਲਦਾ ਹੈ ਤਾਂ ਮਨ ਵਿਚ ਵਿਸ਼ਾਲਤਾ ਆਉਂਦੀ ਹੈ ਅਤੇ ਸਾਰਾ ਸੰਸਾਰ ਅਪਣਾ ਲਗਣ ਲੱਗਦਾ ਹੈ।

ਅਹਿਮਦਨਗਰ (ਮਹਾਂ.) ਦੀ ਹਰੀਸ਼ ਐਂਡ ਪਾਰਟੀ ਦੇ ਮਹਾਤਮਾ ਹੁਣ ਸਿੰਧੀ ਭਾਸ਼ਾ ਵਿਚ ਗੀਤ ਪੇਸ਼ ਕਰ ਰਹੇ ਹਨ, ਬੋਲ ਹਨ–

ਮੁਹਿੰਜੋ ਸਤਿਗੁਰੂ ਗਰੀਬ ਨਵਾਜ ਆ।
ਮੁੱਖੇ ਹਿਨ ਤੇ ਹਮੇਸ਼ਾ ਨਾਜ ਆ।

ਇਸ ਤਰ੍ਹਾਂ ਸਾਕਾਰ ਸਤਿਗੁਰੂ ਦਾ ਗੁਣ ਗਾਨ ਕੀਤਾ ਗਿਆ ਹੈ।

ਹੁਣ ਸਮਾ ਹੈ – ਅੱਜ ਦੇ ਕਵੀ ਦਰਬਾਰ ਦੇ ਪਹਿਲੇ ਦੌਰ ਦਾ।

ਅੰਮ੍ਰਿਤਸਰ ਦੇ ਰਾਜ ਕੁਮਾਰ ਜੀ, ਹੈਦਰਾਬਾਦ ਦੇ ਮਹੇਸ਼ ਜੀ, ਬਠਿੰਡਾ ਦੇ ਪ੍ਰਭਾਦਿਤ ਧਾਲੀਵਾਲ ਜੀ ਅਤੇ ਮੁੰਬਈ ਦੇ ਕਪਿਲ ਕੁਮਾਰ ਸਰੋਜ ਜੀ ਮੰਚ ਤੇ ਆ ਚੁੱਕੇ ਹਨ। ਦੋ ਕਵਿਤਾਵਾਂ ਪੰਜਾਬੀ ਭਾਸ਼ਾ ਵਿਚ, ਇਕ ਤੇਲਗੂ ਭਾਸ਼ਾ ਵਿਚ ਅਤੇ ਇਕ ਕਵਿਤਾ ਹਿੰਦੀ ਭਾਸ਼ਾ ਵਿਚ ਪੜੀ ਗਈ ਹੈ।

ਕਵੀਆਂ ਨੇ ਪੂਰੀ ਯੋਗਤਾ ਨਾਲ ਆਪਣੀ ਭਾਵਨਾਵਾਂ ਨੂੰ ਪ੍ਰਗਟ ਕੀਤਾ ਹੈ। ਇਸ ਦੌਰਾਨ ਉਰਦੂ ਦੇ ਬਜ਼ੁਰਗ ਸ਼ਾਇਰ ਬੇਗਾਨਾ ਜੀ ਜਫਰ ਵੀ ਮੰਚ ਤਕ ਪਹੁੰਚ ਚੁੱਕੇ ਹਨ। ਉਰਦੂ ਭਾਸ਼ਾ ਵਿਚ ਖਿਲਕਸ਼ ਗ਼ਜ਼ਲ ਪੇਸ਼ ਕਰ ਰਹੇ ਹਨ। ਸਭ ਪਾਸੇ ਤਾੜੀਆਂ ਦੀ ਦਾਦ-ਦਾਰੀ ਦਾ ਸ਼ੋਰ ਹੈ।

ਸ੍ਰੀ ਸੰਦੀਪ ਖਿੰਡਾ

ਸ੍ਰੀ ਦਿਦਰਕਾਖ ਮਹਮਾ

ਸ੍ਰੀ ਗੋਵਿਦੰ ਮੇਦਕ

ਬੇਬੀ ਸਿਮਰਨ

ਬਠਿੰਡਾ ਤੋਂ ਆਏ ਮੱਘਰਅਲੀ ਐਂਡ ਪਾਰਟੀ ਦੇ ਨੌਜਵਾਨ ਹੁਣ ਆਪਣੀ ਕਲਾ ਨਾਲ ਸਾਕਾਰ ਅਤੇ ਨਿਰੰਕਾਰ ਨੂੰ ਅਭੇਦ ਕਰਨ ਦਾ ਜਤਨ ਕਰ ਰਹੇ ਹਨ। ਕਹਿ ਰਹੇ ਹਨ ਕਿ –

ਮੇਰਾ ਨਚਦਾ ਹੈ ਹੁਣ ਝੁੰਝੂ,
ਮੈਂ ਤੇਰੇ ਵਿਚੋਂ ਰਬ ਤਕਿਆ...

ਗੀਤ ਦੌਰਾਨ ਹੀ ਦਿੱਲੀ ਦੇ ਪ੍ਰਿਥਪਾਲ ਤੇਜੇਦਰ ਖੰਨਾ ਜੀ ਪਧਾਰੇ ਹਨ। ਸਤਿਗੁਰੂ ਬਾਬਾ ਜੀ ਅਤੇ ਮਾਤਰੀ-ਬਜ਼ੁਰਗੀਆਂ ਨੂੰ ਨਿਮਸਕਾਰ ਕਰਦੇ ਹੋਏ ਆਪਣੇ ਨਿਸ਼ਚਿਤ ਸਥਾਨ ਤੇ ਬੈਠ ਚੁੱਕੇ ਹਨ।

ਦੇਨਕੁਅਰ (ਚਨਾਡਾ) ਤੋਂ ਆਏ ਸ੍ਰੀ ਹਰਜਿੰਦਰ ਪਰਵਾਨਾ ਜੀ ਹੁਣ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਹਿ

ਦੱਤਾ ਪਾਟਿਲ ਐਂਡ ਪਾਰਟੀ

ਮਾਸਟਰ ਪ੍ਰਫੁਲ ਲਿਲ

ਹਰਿਮੰਦਰ ਪਰਵਾਨ

ਸ੍ਰੀ ਬੋਧਰਾਜ 'ਸਫ਼ਰ'

ਸ੍ਰੀ ਜਸਜੀਤ 'ਜੱਸੀ'

ਹਰੇ ਹਨ ਕਿ **ਐਨੇ ਵਿਸ਼ਾਲ ਅਧਿਆਤਮਿਕ ਸੰਮੇਲਨ ਦਾ ਅੰਗ ਬਣਨ ਤੇ ਮਾਣ ਮਹਿਸੂਸ ਹੁੰਦਾ ਹੈ। ਸਤਿਗੁਰੂ ਦੀ ਇਕ ਝਲਕ ਪਾ ਕੇ ਭਗਤ ਅਨੰਦ ਨਾਲ ਭਰ ਜਾਂਦੇ ਹਨ। ਆਪਦਾ ਕਹਿਣਾ ਹੈ ਕਿ ਸਤਿਗੁਰੂ ਦੇ ਬਚਨਾਂ ਨੂੰ, ਬ੍ਰਹਮਗਿਆਨ ਨੂੰ ਵਿਵਹਾਰ ਵਿਚ ਲਿਆਉਣਾ ਵੀ ਇਕ ਸੇਵਾ ਹੈ।**

ਸੰਤ ਨਿਰੰਕਾਰੀ ਮੰਡਲ ਦੇ ਕੇਂਦਰੀ ਯੂਥ ਅਤੇ ਸਲਾਹਕਾਰ ਬੋਰਡ ਦੇ ਵਾਈਸ ਚੇਅਰਮੈਨ ਸ੍ਰੀ ਬੋਧਰਾਜ ਜੀ ਪੱਦਾ ਹੁਣ ਮਹਾਰਿਸ਼ੀ ਉਪਰਾਜਪਾਲ ਜੀ ਦਾ ਸਵਾਗਤ ਕਰ ਰਹੇ ਹਨ। ਸੱਚਾਈ ਅਤੇ ਸ਼ਾਂਤੀ ਦਾ ਪ੍ਰਤੀਕ ਸਫ਼ੇਦ ਦੁਪੱਟਾ ਪਾ ਕੇ ਉਪਰਾਜਪਾਲ ਜੀ ਦਾ ਸਵਾਗਤ ਕੀਤਾ ਗਿਆ ਹੈ।

ਮੰਚ ਸੰਚਾਲਕ ਨੇ ਉਪਰਾਜਪਾਲ (ਦਿੱਲੀ) ਸ੍ਰੀ ਤੇਜੇਂਦਰ ਖੰਨਾ ਨੂੰ ਅਪਣੇ ਭਾਵ ਪ੍ਰਗਟ ਕਰਨ ਦੀ ਪ੍ਰਾਰਥਨਾ ਕੀਤੀ ਹੈ। ਸ੍ਰੀ ਖੰਨਾ ਦਾ ਕਹਿਣਾ ਹੈ

- **ਮੈਂ ਬਾਬਾ ਜੀ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਦੀ ਕ੍ਰਿਪਾ ਨਾਲ ਇਸ ਸਮਾਗਮ ਵਿਚ ਦੁਬਾਰਾ ਆਉਣ ਦਾ ਅਵਸਰ ਮਿਲਿਆ ਹੈ।**
- **ਜੋ ਇਥੇ ਹਾਜ਼ਰ ਹਨ, ਭਾਗਸਾਲੀ ਹਨ। ਸਤਿਗੁਰੂ ਅਤੇ ਸਾਧਸੰਗਤ ਦੇ ਦਰਸ਼ਨਾਂ ਨਾਲ ਮਨ ਵਿਚ ਸਥਿਰਤਾ ਆਉਂਦੀ ਹੈ।**
- **ਮਹਾਤਮਾਵਾਂ ਦੀ ਸੰਗਤ ਨਾਲ ਮਨ ਵਿਚ ਸੰਤੋਖ ਆਉਂਦਾ ਹੈ।**
- **ਪਲਟੂ ਊਚੀ ਜ਼ਾਤ ਕਾ ਮਤ ਕਰੇ ਹੰਕਾਰ,**
  ਸਾਹਿਬ ਕੇ ਦਰਬਾਰ ਮੇਂ ਕੇਵਲ ਭਗਤੀ-ਪਿਆਰ।
- **ਜਿਥੇ ਮਨ ਵਿਚ ਪ੍ਰੇਮ ਹੁੰਦਾ ਹੈ, ਸਾਰੀਆਂ ਗੱਲਾਂ ਠੀਕ ਹੋ ਜਾਂਦੀਆਂ ਹਨ।**
- **ਸਮਾਜ ਵਿਚ ਪਿਆਰ ਅਤੇ ਸੇਵਾ ਦਾ ਭਾਵ ਜਾਗ੍ਰਿਤ ਹੋਵੇ। ਸਾਡੀ ਰਾਜਧਾਨੀ, ਸਾਡੇ ਦੇਸ਼ ਵਿਚ ਅਮਨ – ਚੈਨ – ਪ੍ਰੇਮ ਹੋਵੇ। ਅਜਿਹੀ ਭਾਵਨਾ ਵਿਕਸਿਤ ਹੋਵੇਗੀ ਤਾਂ ਸਾਡਾ ਦੇਸ਼ ਅੱਗੇ ਵਧੇਗਾ।**
- **ਮੈਂ ਅਸ਼ੀਰਵਾਦ ਦਾ ਜ਼ਾਚਕ ਹਾਂ।**

ਸਾਬਕਾ ਕੇਂਦਰੀ ਮੰਤਰੀ ਅਤੇ ਦਿੱਲੀ ਦੇ ਮੁੱਖਮੰਤਰੀ ਸਵਰਗੀ ਸ੍ਰੀ ਸਾਹਿਬ ਸਿੰਘ ਵਰਮਾ ਦੇ ਸਪੁੱਤਰ ਪ੍ਰਵੇਸ਼ ਵਰਮਾ ਵੀ ਸਤਿਗੁਰੂ ਬਾਬਾ ਜੀ ਦੇ ਦਰਸ਼ਨਾਂ ਲਈ ਪਧਾਰੇ ਹਨ।

ਇਸ ਅਧਿਆਤਮਿਕ ਸਮਾਗਮ ਵਿਚ ਹੁਣ ਭਾਵਨਾ ਪ੍ਰਗਟਾਉਣ ਦਾ ਅਵਸਰ ਮਿਲਿਆ ਹੈ, ਕਲਕੱਤਾ ਦੇ ਗੋਵਿੰਦ ਮੋਦਕ ਜੀ ਨੂੰ। ਬਾਂਗਲਾ ਭਾਸ਼ਾ ਵਿਚ ਕਹਿ ਰਹੇ ਹਨ ਕਿ

ਜਦੋਂ-ਜਦੋਂ ਧਰਮ ਦੀ ਹਾਨੀ ਅਤੇ ਅਧਰਮ 'ਚ ਵਾਧਾ ਹੁੰਦਾ ਹੈ, ਤਦ-ਤਦ ਪ੍ਰਭੂ ਅਵਤਾਰ ਲੈਂਦੇ ਹਨ ਲੇਕਿਨ ਉਨ੍ਹਾਂ ਦੇ ਆਗਮਨ ਦਾ ਲਾਭ ਕੁਝ ਹੀ ਲੋਕ ਉਠਾ ਪਾਂਦੇ ਹਨ ਕਿਉਂਕਿ ਵਿਅਕਤੀ ਅਕਸਰ ਮਾਇਆਵੀ ਪਦਾਰਥਾਂ ਵਿਚ ਹੀ ਉਲਝਿਆ ਰਹਿੰਦਾ ਹੈ। ਅੱਜ ਨਿਰੰਕਾਰੀ ਮਿਸ਼ਨ ਇਹੀ ਚੇਤਨਾ ਪ੍ਰਦਾਨ ਕਰ ਰਿਹਾ ਹੈ ਕਿ ਚੌਰਾਸੀ ਲੱਖ ਜੂਨਾਂ ਦੀ ਭਟਕਣ ਤੋਂ ਸਿਰਫ ਬ੍ਰਹਮਗਿਆਨ ਹੀ ਬਚਾ ਸਕਦਾ ਹੈ। ਇਸਲਈ ਹਰ ਵਿਅਕਤੀ ਨੂੰ ਸਤਿਗੁਰੂ ਦੀ ਸ਼ਰਣ ਵਿਚ ਆਉਣਾ ਚਾਹੀਦਾ ਹੈ।

ਕੱਟਕਪੂਰਾ ਦਾ ਝਾਡੀ ਜੱਥਾ

ਸਿਰਸਾ (ਹਰਿਆਣਾ) ਤੋਂ ਆਈ ਬੇਬੀ ਸਿਮਰਨ ਹੁਣ ਮੰਚ ਤੇ ਹੈ। ਸਿਰ-ਭਾਰ ਨਾਲ ਗਾ ਰਹੀ ਹੈ-

ਮੈਂ ਕੁਰਬਾਨ ਉਸ ਮੁਰਸ਼ਦ ਤੋਂ, ਜਿਸ ਦਸਿਆ ਭੇਦ ਇਲਾਹੀ ਦੇ।
ਸੁਣੀ ਵੇ ਮੇਰੇ ਰਹਿਬਰ, ਭਵਸਾਗਰ ਤੋਂ ਕਰਦੇ ਤੂੰ ਪਾਰ ।

ਨੌਜਵਾਨ ਵਿਜੈਕਾਂਤ ਹਾਕੇਸ਼ ਜੋਸ਼ੀ ਜੀ (ਯੋਜਨਾ ਵਿਹਾਰ, ਦਿੱਲੀ) ਨੂੰ ਹੁਣ ਅਵਸਰ ਪ੍ਰਦਾਨ ਕੀਤਾ ਗਿਆ ਹੈ। ਸ੍ਰੀ ਜੋਸ਼ੀ ਕਹਿ ਰਹੇ ਹਨ —

- **ਨਕਲ ਵਿਚ ਅਸਲ ਛੁਪਿਆ ਹੈ, ਉਸਨੂੰ ਲੱਭੋ ਅਤੇ ਪਿਆਰ ਕਰੋ।**
- **ਸੇਵਾ, ਸਿਮਰਨ, ਸਤਿਸੰਗ ਸ਼ਬਦ ਵੀ ਹੈ, ਭਾਵ ਵੀ। ਇਨ੍ਹਾਂ ਦਾ ਭਾਵ ਸਾਡੇ ਅੰਦਰ ਉਤਰ ਜਾਏ।**
- **ਈਮਾਨਦਾਰੀ ਦੇ ਨਾਲ ਕਦਮ ਵਧਾਉਣ ਨਾਲ ਹੀ ਮੰਗਲ ਹੋਵੇਗਾ।**

ਆਪਣੇ ਅਨੇਕਾਂ ਦਿਗ੍ਰਿਆਨਕ ਉਦਾਹਰਣਾਂ ਅਤੇ ਤੱਥਾਂ ਰਾਹੀਂ ਆਪਣੀ ਗੱਲ ਨੂੰ ਸਾਹਸ਼ਟ ਕੀਤਾ ਹੈ।

ਦਿੱਲੀ ਸਰਕਾਰ ਵਿਚ ਮੰਤਰੀ ਸ੍ਰੀ ਮੰਗਤਰਾਮ ਸਿੰਘਲ ਅਤੇ ਦਿੱਲੀ ਪ੍ਰਦੇਸ਼ ਭਾਜਪਾ ਜਨਤਾ ਪਾਰਟੀ ਦੇ ਸਾਬਕਾ ਪ੍ਰਧਾਨ ਸ੍ਰੀ ਮਾਂਗੇ ਰਾਮ ਗਰਗ ਇਸ ਸਮੇਂ ਸਤਿਗੁਰੂ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਰਹੇ ਹਨ।

ਤੈਨਾਮਲਾਈ (ਕਰਨਾਟਕ) ਦੀ ਭੈਣ ਸ਼ਕੁੰਤਲਾ ਜੀ ਹੁਣ ਕੰਨੜ ਭਾਸ਼ਾ ਵਿਚ ਗੀਤ ਪੇਸ਼ ਕਰ ਰਹੀ ਹੈ। ਭਾਸ਼ਾ ਅਣਜਾਨ ਹੋਣ ਕਾਰਣ ਸਾਹਸ਼ਟ ਤਾਂ ਕੁਝ ਸਮਝ ਨਹੀ ਆ ਰਿਹਾ ਲੇਕਿਨ ਹਾਵ-ਭਾਵ ਅਤੇ ਗਾਇਨ ਕਲਾ ਭਗਤੀ ਦੀਆ ਭਾਵਨਾਵਾਂ ਨਾਲ ਜੋੜ ਰਹੀ ਹੈ।

ਲਖੀਮਪੁਰ-ਖੀਰੀ ਦੇ ਸ੍ਰੀ ਲਤੀਫ ਅਹਿਮਦ ਹੁਣ ਆਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ **ਸ਼ੁਰੂ ਅੱਲ੍ਹਾ ਦੇ ਨਾਮ ਨਾਲ, ਜੋ ਰਹਿਮ ਵਾਲਾ ਅਤੇ ਜ਼ਾਹਿਰ ਹੈ।** ਆਪ ਕਹਿ ਰਹੇ ਹਨ ਕਿ —

- **ਜਦੋਂ ਕਾਮਿਲ ਪੀਰ ਤੋਂ ਇਸ ਸੱਚ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਕਲਮਾ ਪੜਨ ਯੋਗ ਹੁੰਦਾ ਹੈ।**
- **ਇਹ ਨਬੀ ਕਹਿ ਰਹੇ ਹਨ ਕਿ ਅੱਲ੍ਹਾ ਇਕ ਹੈ, ਸਭ ਦਾ ਹੈ। ਅੱਲ੍ਹਾ ਦੀ ਬਿਰਾਦਰੀ ਕੋਈ ਨਹੀਂ।**
- **ਪਾਕ ਕੁਰਾਨ ਦੀਆਂ ਆਇਤਾਂ ਨਿਰੰਕਾਰੀ ਬਾਬਾ ਜੀ ਦੀਆਂ ਗੱਲਾਂ ਤਸਦੀਕ ਕਰਦੀਆਂ ਹਨ।**
- **ਬੰਦਾ ਬੁਰਾਈ ਤੋਂ ਬਚ ਨਹੀਂ ਸਕਦਾ, ਅਗਰ ਅੱਲ੍ਹਾ ਉਸਨੂੰ ਸੰਭਾਲ ਨਾ ਲਵੇ।**
- **ਇਨਸਾਨ ਨੇ ਜੀਂਦੇ ਜੀਅ ਅੱਲ੍ਹਾ ਨੂੰ ਨਹੀ ਪਹਿਚਾਣਿਆ**

ਤਾਂ ਮਰਨ ਦੇ ਬਾਦ ਕੀ ਪਹਿਚਾਣੇਗਾ?

ਇਸ ਦੌਰਾਨ ਰਹਿਆਣਾ ਦੇ ਸਾਬਕਾ ਮੁੱਖਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਸਤਿਗੁਰੂ ਬਾਬਾ ਜੀ ਦੇ ਦਰਸ਼ਨਾਂ ਲਈ ਪਧਾਰੇ ਹਨ।

ਇਲਾਹਾਬਾਦ (ਯੂ.ਪੀ.) ਦੀ ਭੈਣ ਰਸ਼ਿਮ ਜੀ ਨੂੰ ਹੁਣ ਅਦਮਰ ਪ੍ਰਦਾਨ ਕੀਤਾ ਗਿਆ ਹੈ। ਇਹ ਪ੍ਰਾਰਥਨਾ, ਗੀਤ ਰੂਪ ਵਿਚ ਗੇਯ ਕਰ ਰਹੀ ਹੈ–

ਧਰ ਰਖੇ ਸਤਿਗੁਰੂ ਸੁਖ ਸਾਗਰ,
ਸਗੁਣ ਰੂਪ ਧਰਿ ਬ੍ਰਹਮ ਅਨੂਪਾ,
ਗਿਆਨ ਨਿਰਮਯ ਦੇਤ ਸਰੂਪਾ,
ਪ੍ਰਭੂ ਕਰੁਣਾਨਿਧਿ ਹੈ ਨਟ ਨਾਗਰ ....

ਇਸ ਤਰ੍ਹਾਂ ਦੀਆਂ ਪਾਵਨ ਬੰਦਨਾਵਾਂ ਜਿਵੇਂ ਸਲੂੰ ਸੁਰਦਾਸ ਜੀ ਅਤੇ ਮੀਰਾਬਾਈ ਜੀ ਦੇ ਯੁਗ ਵੱਲ ਲੈ ਜਾ ਰਹੀਆਂ ਹਨ। ਸ਼ਬਦਵਤ ਭਗਤੀ-ਭਾਵ ਹਿਰਦੇ ਨੂੰ ਪਾਵਨ ਕਰ ਗਿਆ ਹੈ।

ਸੰਤ ਨਿਰੰਕਾਰੀ ਕਲੋਨੀ (ਦਿੱਲੀ) ਦੇ ਸ੍ਰੀ ਤਰਲੋਚਨ ਕੁਕਲ ਅੰਗਰੇਜ਼ੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ–

✤ ਅਧਿਆਤਮ ਇਸ ਸਦੀ ਦਾ ਸਭ ਤੋਂ ਜ਼ਿਆਦਾ ਪ੍ਰਭਾਵੀ ਤੱਤ ਹੈ।

✤ ਅੱਜ ਸਭ ਜਗ੍ਹਾ ਮੁਕਾਬਲੇ ਦੀ ਦੌੜ ਚਲ ਰਹੀ ਹੈ। ਦੌੜ ਹੈ ਤਾਂ ਥਕਾਨ ਅਤੇ ਤਨਾਵ ਵੀ ਹੈ। ਤਨਾਵ ਤੋਂ ਬਚਾਅ ਦਾ ਉਪਾਅ ਹੈ – ਅਧਿਆਤਮ ।

ਪ੍ਰਸਿੱਧ ਸੰਗੀਤਕਾਰ ਅਵਤਾਰ ਸਿੰਘ (ਦਿੱਲੀ) ਦੀ ਸਪੁੱਤਰੀ ਮਿਨੀ ਬਚਪਨ ਤੋਂ ਹੀ ਗੀਤ ਗਾ ਰਹੀ ਹੈ। ਇਹੀ ਮਿਨੀ ਹੁਣ ਪੂਨਾ (ਮਹਾਂਰਾਸ਼ਟਰ) ਵਿਚ ਰਹਿੰਦੀ ਹੈ। ਸ਼੍ਰੀਮਤੀ ਮਿਨੀ ਤਰੁਣ ਆਪਣੇ ਮਧੁਰ ਗੀਤ ਵਿਚ ਗਾ ਰਹੀ ਹੈ।

ਪਿਆਰ ਵਾਲੇ ਲੋਗ, ਹਮ, ਕਿਉਂ ਕਰੇ ਸ਼ਿਕਵੇ-ਗਿਲੇ
ਜੀਤਨੇ ਹੈਂ ਦਿਲ ਅਗਰ ਤੋ ਹਮ ਖੁਦੀ ਕੋ ਹਾਰ ਦੇ
ਜ਼ਿੰਦਗੀ ਹੈ ਚਾਰ ਦਿਨ, ਹੱਸ ਕੇ ਤੂੰ ਗੁਜ਼ਾਰ ਦੇ,
ਹਰ ਕਿਸੀ ਸੇ ਪਿਆਰ ਲੇ,
ਹਰ ਕਿਸੇ ਕੋ ਪਿਆਰ ਦੇ

ਹਰਿਆਣਾ ਦੇ ਮਹਾਨਿਦੇਸ਼ਕ (ਪੁਲਿਸ) ਸ੍ਰੀ ਐਸ. ਆਰ. ਸਹੋਨ (ਆਈ.ਪੀ.ਐਸ.) ਸਤਿਗੁਰੂ ਬਾਬਾ ਜੀ ਦੇ ਦਰਸ਼ਨਾਂ ਲਈ ਪਧਾਰੇ ਹਨ।

ਸਹੁੰਚੀ ਤਾਲਮੇਲ ਦੇ ਇਸ ਮੰਚ ਤੇ ਪੂਣੇ ਅਦਮਰ ਮਿਲਿਆ ਹੈ, ਕੇਂਦਰੀ ਚੌਸਨਾ ਅਤੇ ਸਲਾਹਕਾਰ ਬੋਰਡ ਦੇ ਚੇਅਰਮੈਨ ਗੋਵਿੰਦ ਸਿੰਘ ਜੀ ਨੂੰ। ਆਪ ਕਹਿ ਰਹੇ ਹਨ –

✤ ਜਿਸ-ਜਿਸ ਤੇ ਵੀ ਕ੍ਰਿਪਾ ਹੋਈ ਹੈ, ਉਸ-ਉਸ ਨੇ ਸਤਿਗੁਰੂ ਦੇ ਪ੍ਰਤੀ ਧੰਨਵਾਦ ਦਾ ਭਾਵ ਪ੍ਰਗਟ ਕੀਤਾ ਹੈ।

✤ ਸਮਾਨ ਇਕੱਠਾ ਕਰਨ ਦੇ ਬਹੁਤ ਜਤਨ ਹੁੰਦੇ ਹਨ। ਸੁਖ-ਸ਼ਾਂਤੀ, ਭਗਤੀ ਅਤੇ ਮੁਕਤੀ ਵੱਲ ਵੀ ਤਾਂ ਕਦਮ ਵਧੇ।

✤ ਅਨੰਦ ਲਈ ਸਿਰਫ ਪਾਵਨ ਗ੍ਰੰਥਾਂ ਦਾ ਪਠਨ-ਪਠਾਉਣਾ ਕਾਫੀ ਨਹੀਂ ਬਲਕਿ ਉਨ੍ਹਾਂ ਗ੍ਰੰਥਾਂ ਵਿਚ ਲਿਖੇ ਬਚਨਾਂ ਦਾ ਅਨੁਭਵ ਪ੍ਰਾਪਤ ਕਰਨਾ ਜ਼ਰੂਰੀ ਹੈ।

✤ ਸਤਿਗੁਰੂ ਦੀ ਸ਼ਰਣ ਵਿਚ ਆ ਕੇ ਹੀ ਅਸੀਂ ਅਸਲ ਧਰਮੀ ਬਣ ਪਾਂਦੇ ਹਾਂ।

ਆਪਣੇ ਅਮਰ ਸ਼ਹੀਦ ਮਹਾਤਮਾਵਾਂ ਨੂੰ ਵੀ ਸ਼ਰਧਾਪੂਰਵਕ ਯਾਦ ਕੀਤਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਪੁੱਤਰਿਆਂ ਦੀ ਸਹਾਹਨਾ ਕੀਤੀ ਹੈ।

ਨਵੀਂ ਮੁੰਬਈ ਤੋਂ ਆਏ ਦੱਤਾ ਪਾਟੀਲ ਜੀ ਨੂੰ ਹੁਣ ਅਦਮਰ ਪ੍ਰਦਾਨ ਕੀਤਾ ਗਿਆ ਹੈ। ਆਪ ਮਰਾਠੀ ਭਾਸ਼ਾ ਵਿਚ ਅਭੰਗ ਪੇਸ਼ ਕਰ ਰਹੇ ਹਨ–

ਦੇਵਾ ਆਮਚਾ – ਆਮਚਾ, ਦੇਵਾ ਸਕਲਾ ਜੀਵਾਂਚਾ

ਆਪਣੀ ਮਧੁਰ ਆਵਾਜ਼ ਨਾਲ ਇਨ੍ਹਾਂ ਨੇ ਵਾਤਾਵਰਣ ਨੂੰ ਰਸਮਈ ਬਣਾਇਆ ਹੈ। ਇਸ ਪੇਸ਼ਕਾਰੀ ਦੇ ਬਾਦ ਕਵਿਤਾਵਾਂ ਦਾ ਦੂਜਾ ਦੌਰ ਸ਼ੁਰੂ ਹੋ ਰਿਹਾ ਹੈ। ਸਰਵਸ੍ਰੀ ਬਸੰਤ ਕੰਮਲ, ਅਤੇ ਜਸਜੀਤ ਜੱਸੀ (ਲੁਧਿਆਣਾ), ਦਾਸ ਰਾਮਕੁਮਾਰ ਸੇਵਕ (ਦਿੱਲੀ), ਅਤੇ ਬਲਬੀਰ ਸਿੰਘ ਚਿੜੀ (ਮੋਦੀਨਗਰ) ਮੰਚ ਤੇ ਪਹੁੰਚ ਚੁੱਕੇ ਹਨ।

ਪਹਿਲੀ ਰਚਨਾ ਬਸੰਤ 'ਕੰਮਲ' ਜੀ ਨੇ ਪੜ੍ਹੀ ਹੈ। ਕਹਿ ਰਹੇ ਹਨ ਕਿ –

ਸੰਤਾਂ ਦੀ ਹੈ ਏ ਹੀ ਖਵਾਹਿਸ਼, ਹੋਰ ਪਿਆਰਾ ਸੰਸਾਰ ਬਣੇ।
ਮਿਲਵਰਤਣ ਵਿਚ ਮਿਲ ਚਲਣ ਦਾ, ਸੁਪਨਾ ਏ ਸਾਕਾਰ ਬਣੇ।

ਇਸਦੇ ਬਾਦ ਦਾਸ ਨੂੰ ਅਵਸਰ ਮਿਲਿਆ ਹੈ। ਪਹਿਲਾਂ ਦੀ ਤਰ੍ਹਾਂ ਅੱਜ ਵੀ ਦਾਸ ਨੇ ਪੁਰੀ ਹਜ਼ਲ ਪੜੀ ਹੈ। ਇਸ

ਵਿਚ ਪਸ਼ੂਆਂ ਦੀਆਂ ਮਜਬੂਰੀਆਂ ਅਤੇ ਇਨਸਾਨ ਦੀ ਅਯਾਦੀ ਦੀ ਤੁਲਨਾ ਕਰਕੇ ਦੱਸਣ ਦਾ ਜਤਨ ਕੀਤਾ ਗਿਆ ਕਿ ਭਗਤੀ ਸਿਰਫ਼ ਇਨਸਾਨ ਹੀ ਕਰ ਸਕਦਾ ਹੈ, ਬੱਕਰੀ ਜਾਂ ਸ਼ੇਰ ਨਹੀਂ। ਅੰਤ ਵਿਚ ਕਿਹਾ ਗਿਆ ਕਿ—

ਆਈਏ ਸੀਖੇ ਸਤਿਗੁਰੂ ਸੇ, ਜੋ ਜੀਵਨ ਕੀ ਕਲਾ ਹੈ,
ਕਿਉਂਕਿ ਇਸ ਮੈਂ ਹੀ, ਹਮ ਸਬ ਕਾ ਭਲਾ ਹੈ।

ਦਾਸ ਦੇ ਬਾਦ ਜਸਜੀਤ ਜੱਸੀ ਜੀ ਨੇ ਗ਼ਜ਼ਲ ਪੜ੍ਹੀ। ਪੰਜਾਬੀ ਸਾਹਿਤ ਵਿਚ ਉਨ੍ਹਾਂ ਦੀ ਇਕ ਖ਼ਾਸ ਪਹਿਚਾਣ ਹੈ ਅਤੇ ਉਹ ਅੱਜ ਦੀ ਕਾਇਮ ਹੈ।

ਇਸ ਦੌਰ ਦੀ ਅੰਤਿਮ ਰਚਨਾ ਪ੍ਰਸਿੱਧ ਹਾਸ ਕਵੀ ਸ੍ਰੀ ਬਲਬੀਰ ਸਿੰਘ ਜੀ 'ਬਿਚਰੀ' ਨੇ ਪੜ੍ਹੀ। ਉਨ੍ਹਾਂ ਨੇ ਦੱਸਿਆ ਕਿ ਗੁਰੂ ਦੇ ਬਚਨ ਨਾ ਮੰਨਣ ਦਾ ਕਿੰਨਾ ਨੁਕਸਾਨ ਹੈ। ਆਕਸ-ਵਿਸ਼ਲੇਸ਼ਣ ਦੀ ਸ਼ੈਲੀ ਵਿਚ ਇਨ੍ਹਾਂ ਨੇ ਮਾਨਵ-ਮਾਤਰ ਦਾ ਦਰਪਣ ਵਿਖਾਉਣ ਦਾ ਜਤਨ ਕੀਤਾ ਹੈ ਅਤੇ ਆਖ਼ਿਰ ਵਿਚ ਪ੍ਰੇਰਿਤ ਕੀਤਾ—

ਹਮੇਂ ਸਦੈ ਸੋਚਨਾ ਹੈ,
ਕਿ ਹਮੇਂ ਕਹਾਂ ਪਹੁੰਚਨਾ ਹੈ,
ਹਾਥੀ ਕੇ ਪਦ-ਚਿਨ੍ਹੋਂ ਪਰ ਯਾ ਊਠ ਕੇ,
ਸੱਚ ਕੇ ਪੀਛੇ ਯਾ ਝੂਠ ਕੇ,
ਸੱਜਨ ਬਨਨਾ ਹੈ ਯਾ ਦੁਸ਼ਟ,
ਰੁਸ਼ਟ ਰਹਿਨਾ ਹੈ ਯਾ ਸੰਤੁਸ਼ਟ,
ਆਓ ਇਸ ਮਸਲੇ ਪਰ ਕਰੇਂ
ਪੁਨਰਵਿਚਾਰ,
ਪਿਆਰ ਸੇ ਕਹੀਏ ਧੰਨ-ਨਿਰੰਕਾਰ।

ਇਸ ਸਮੇ ਹਾਸਮਈ ਵਾਤਾਵਰਣ ਸਿਰਜਿਆ ਹੋਇਆ ਹੈ।

ਹੁਣ ਮੰਚ ਤੇ ਭਾਵੇਸ਼ ਐਂਡ ਪਾਰਟੀ (ਮੁੰਬਈ) ਨੂੰ ਪ੍ਰੋਗਰਾਮ ਪੇਸ਼ ਕਰਨ ਦਾ ਅਵਸਰ ਮਿਲਿਆ ਹੈ। ਕਹਿ ਰਹੇ ਹਨ—

We are one family.

ਮਿਲੀ-ਜੁਲੀ ਆਵਾਜ਼ ਵਿਚ ਭਗਤੀ ਅਤੇ ਸੰਗੀਤਕ ਤਾਲਮੇਲ ਦਾ ਉਦਾਹਰਣ ਪੇਸ਼ ਕੀਤਾ ਹੈ।

ਇਕ ਸਮਰਪਿਤ ਗੁਰਸਿੱਖ ਦੇ ਰੂਪ ਵਿਚ ਸ੍ਰੀ ਸੰਦੀਪ ਖਿੰਡਾ ਜੀ ਦਾ ਮਧੁਰ ਭਾਵ ਉਭਰਿਆ ਹੈ। ਬਾਬਾ ਹਰਦੇਵ ਸਿੰਘ ਜੀ ਦੇ ਨਜ਼ਦੀਕੀ ਸੰਬੰਧੀ ਹੋਣ ਦੇ ਬਾਵਜੂਦ ਉਨ੍ਹਾਂ ਦਾ ਭਗਤ ਰੂਪ ਵਿਚ ਸਮਰਪਣ-ਭਾਵ ਪ੍ਰੇਰਣਾਦਾਇਕ ਅਨੁਭਵ ਪ੍ਰਦਾਨ ਕਰਦਾ ਹੈ। ਸੰਦੀਪ ਖਿੰਡਾ ਜੀ ਆਪਣੇ ਵਿਚਾਰਾਂ ਵਿਚ ਕਹਿ ਰਹੇ ਹਨ ਕਿ—

✤ ਇਹ ਸੰਤ ਸਮਾਗਮ ਦਾ ਅਵਸਰ ਹੈ- ਖ਼ੁਦ ਦੇ ਅੰਦਰ ਉਜਾਲਾ ਕਰਨ ਦਾ, ਭਗਤੀ-ਭਾਵ ਭਰਨ ਦਾ।
✤ ਮੀਂਹ ਦੇ ਬਾਵਜੂਦ ਮਹਾਂਪੁਰਸ਼ਾਂ ਦਾ ਨੱਚਣ-ਗਾਣਾ ਇਹ ਸੋਚਣ ਤੇ ਮਜਬੂਰ ਕਰ ਦੇਂਦਾ ਹੈ ਕਿ ਕੀ ਇਕ ਆਮ ਇਨਸਾਨ ਵਿਪਰੀਤ ਹਾਲਾਤਾਂ ਵਿਚ ਅਜਿਹੀ ਭਾਵਨਾ ਪ੍ਰਗਟ ਕਰ ਸਕਦਾ ਹੈ ?
✤ ਭਗਤ ਅਸਲ 'ਚ ਹਰ ਹਾਲਤ ਵਿਚ ਭਗਤੀ ਨਾਲ ਜੁੜੇ ਰਹਿੰਦੇ ਹਨ, ਤਾਂ ਹੀ ਉਨ੍ਹਾਂ ਦਾ ਮਨ ਅਨੰਦ ਮਹਿਸੂਸ ਕਰਦਾ ਹੈ, ਅਸੰਤੋਸ਼ ਦੀ ਬਜਾਏ।
✤ ਪ੍ਰੇਮ, ਕਿਰਪਾ ਅਤੇ ਧੀਰਜ ਅਜਿਹੇ ਗੁਣ ਹਨ, ਜੋ ਜੀਵਨ ਨੂੰ ਪ੍ਰਸੰਨਤਾ ਨਾਲ ਭਰ ਦੇਂਦੇ ਹਨ।

ਉਪੁੰਕਤ ਭਾਵਨਾ ਸਮਾਗਮ ਤਕ ਪਹੁੰਚਾਣ ਦੇ ਲਈ ਉਨ੍ਹਾਂ ਨੇ ਅਨੇਕਾ ਉਦਾਹਰਣਾਂ ਦਾ ਹਵਾਲਾ ਦਿੱਤਾ ਹੈ।

ਜੀਰਕਪੁਰ (ਪੰਜਾਬ) ਦੇ ਮਾਸਟਰ ਮੁਕੁਲ ਗਿਲ ਹੁਣ ਅਪਣੇ ਹਿਰਦੇ ਦੇ ਭਾਵ ਪੇਸ਼ ਕਰ ਰਹੇ ਹਨ। ਉਨ੍ਹਾਂ ਦੀ ਪੰਜਾਬੀ ਰਚਨਾ ਦੇ ਬੋਲ ਹਨ—

ਦੁਨੀਆ ਦੇ ਨਾਮ ਇਹ ਪੈਗਾਮ, ਸੁਣ ਲੈ ਇਨਸਾਨਾਂ,
ਸਭ ਦੇ ਨਾਲ ਪਿਆਰ ਹੈ ਸਾਡਾ ਸਭ ਦੇ ਨਾਲ ਹੈ ਯਾਰਾਨਾ।

ਉਤਰਾਖੰਡ ਤੋਂ ਕਾਂਗਰਸੀ ਸਾਂਸਦ ਸ੍ਰੀ ਹਰੀਸ਼ ਰਾਵਤ (ਪ੍ਰਧਾਨ ਉਤਰਾਖੰਡ ਰਾਜ ਕਾਂਗਰਸ ਕਮੇਟੀ) ਹੁਣ ਸਤਿਗੁਰੂ ਸ਼ਾਖਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਰਹੇ ਹਨ।

ਮਾਇਕ ਹੁਣ ਪਰਮ ਮਮਤਾਮਈ ਨਿਰੰਕਾਰੀ ਰਾਜਮਾਤਾ ਜੀ ਦੇ ਸਾਹਮਣੇ ਰੱਖ ਦਿੱਤਾ ਗਿਆ ਹੈ।

ਧੀਰਜ ਅਤੇ ਸ਼ਾਂਤੀ ਦੇ ਵਾਤਾਵਰਣ ਵਿਚ ਮਾਤਾ ਜੀ ਦੀ ਆਵਾਜ਼ ਸਾਡੀ ਮਨ-ਬੁੱਧੀ ਨੂੰ ਤਿਤੋੜ ਰਹੀ ਹੈ। ਉਹ ਕਹਿ ਰਹੇ ਹਨ —

✤ ਭਾਸ਼ਾ ਅਤੇ ਢੰਗ ਚਾਹੇ ਜੋ ਵੀ ਰਿਹਾ ਹੋਵੇ, ਸੰਤ-ਮਹਾਤਮਾਵਾਂ ਨੇ ਭਗਤੀ ਭਰੇ ਬਚਨ ਹੀ ਪੇਸ਼ ਕੀਤੇ ਹਨ।

✤ ਸੱਚ ਉਹ ਹੈ ਜੋ ਹਮੇਸ਼ਾ ਕਾਇਮ ਰਹਿੰਦਾ ਹੈ। ਜੋ ਬਦਲਦਾ ਰਹਿੰਦਾ ਹੈ, ਉਹ ਸੱਚ ਨਹੀਂ ਹੋ ਸਕਦਾ।

✤ ਪਰਮਪਿਤਾ-ਪਰਮਾਤਮਾ ਦੇ ਨਾਂ ਅਨੇਕਾਂ ਹਨ ਲੇਕਿਨ ਯਥਾਰਥ ਇਕ ਹੀ ਹੈ। ਸੱਚ ਇਕ ਹੀ ਹੈ।

✤ ਮਾਨਵ ਜਨਮ ਚੌਰਾਸੀ ਲੱਖ ਜੂਨਾਂ ਦੇ ਬਾਦ ਮਿਲਿਆ ਹੈ। ਇਸਦੀ ਕਦਰ ਕਰਨੀ ਹੈ। ਸਤਿਗੁਰੂ ਦੀ ਕ੍ਰਿਪਾ ਨਾਲ ਪਰਮਾਤਮਾ ਨੂੰ ਜਾਣਨਾ ਹੈ।

✤ ਦਾਤਾਰ ਕ੍ਰਿਪਾ ਕਰੇ, ਸੰਤਾਂ ਦਾ ਸੰਗ ਮਿਲਦਾ ਰਹੇ।

(ਪੂਰੀ ਵਿਚਾਰ ਇਸੇ ਪਤ੍ਰਿਕਾ ਦੇ ਹੋਰ ਪੰਨਿਆਂ ਤੇ ਵੇਖੋ)

ਸਾਹਿਆਂ ਦੀ ਨਜ਼ਰ ਜਿਸ ਕੇਂਦਰ ਬਿੰਦੂ ਤੇ ਲੱਗੀ ਹੈ, ਉਹ ਹੈ - ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ। ਉਨ੍ਹਾਂ ਦੇ ਦਰਸ਼ਨ, ਯਾਦ ਮਨ-ਬੁੱਧੀ ਹਿਰਦੇ ਨੂੰ ਪਾਵਨਤਾ ਨਾਲ ਭਰ ਦੇਂਦੇ ਹਨ। ਮਾਇਕ ਹੁਣ ਉਨ੍ਹਾਂ ਦੇ ਸਾਹਮਣੇ ਰੱਖ ਦਿੱਤਾ ਗਿਆ ਹੈ। ਅਗਿਆਨ ਹਨ੍ਹੇਰੇ ਵਿਚ ਰੌਸ਼ਨੀ ਦੇ ਸਮਾਨ ਗੁਰੂਦੇਵ ਸਤਿਗੁਰੂ ਜੀ ਦੀ ਆਵਾਜ਼ ਸਾਨੂੰ ਚੇਤਨਾ ਪ੍ਰਦਾਨ ਕਰ ਰਹੀ ਹੈ। ਉਹ ਕਹਿ ਰਹੇ ਹਨ ਕਿ —

✤ ਬੀਜ ਵੱਡਾ ਹੋਵੇ ਜਾਂ ਛੋਟਾ ਹੋਵੇ, ਸਾਡੀ ਸ਼ਕਲ ਦਿਖਾ ਹੀ ਦੇਂਦਾ ਹੈ, ਇਸੀ ਤਰ੍ਹਾਂ ਬੋਲਣ ਵਾਲਾ ਭਗਤ, ਬੱਚਾ ਹੋਵੇ ਜਾਂ ਬਜ਼ੁਰਗ, ਭਗਤੀ ਦੀ ਪ੍ਰੇਰਣਾ ਪ੍ਰਦਾਨ ਕਰ ਹੀ ਦੇਂਦਾ ਹੈ।

✤ ਬੀਜ ਚਾਹੇ ਰੀਝ ਕੇ ਬੀਜਿਆ ਜਾਏ ਜਾਂ ਖੀਝ ਕੇ, ਫਲ ਦੇ ਹੀ ਦੇਂਦਾ ਹੈ। ਇਸੇ ਤਰ੍ਹਾਂ ਸੰਤ-ਮਹਾਤਮਾਵਾਂ ਦੇ ਬਚਨ ਜੇ ਮਨ ਵਿਚ ਵਸ ਜਾਣ, ਭਾਵੇਂ ਅਚਾਨਕ ਹੀ ਕੰਨ ਵਿਚ ਪਏ

ਸ੍ਰੀ ਓ.ਪ੍ਰਕਾਸ਼ ਚੌਟਾਲਾ
ਸਾਬਕਾ ਮੁੱਖ-ਮੰਤਰੀ - ਹਰਿਆਣਾ

ਸ੍ਰੀ ਮੰਗਤ ਰਾਮ ਸਿੰਘਲ
ਮੰਤਰੀ (ਦਿੱਲੀ ਸਰਕਾਰ)

ਹੋਣ, ਜੇ ਹਿਰਦੇ ਵਿਚ ਬੈਠ ਗਏ ਤਾਂ ਭਗਤੀ ਦੇ ਵਲ ਪ੍ਰੇਰਿਤ ਕਰਨਗੇ ਹੀ। ਭਗਤਾਂ ਨੇ ਅਲਗ-ਅਲਗ ਢੰਗ ਨਾਲ ਇਨਸਾਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

✤ ਸੰਸਾਰ ਵਿਚ ਇਸ ਤਰ੍ਹਾਂ ਦੀ ਨੀਤੀ ਹੈ ਕਿ ਕਿਸੇ ਦੇ ਕੋਲ ਕੁਝ ਹੈ ਅਤੇ ਕਿਸੇ ਦੇ ਕੋਲ ਕੁਝ ਵੀ ਨਹੀਂ ਹੈ। ਕਿਸੇ ਦੇ ਕੋਲ ਧਨ, ਸ਼ੋਹਰਤ, ਯਸ਼ ਹੈ, ਕਿਸੇ ਦੇ ਕੋਲ ਨਹੀਂ ਹੈ ਲੇਕਿਨ ਭਗਤ ਇਨ੍ਹਾਂ ਬੰਧਨਾਂ ਵਿਚ ਨਹੀਂ ਪੈਂਦੇ। ਉਹ ਸਭ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰਦੇ ਹਨ।

✤ ਜੀਵਨ ਵਿਚ ਇਕ ਕ੍ਰਾਂਤੀ ਘਟਿ ਜਾਏ। ਰੂਪਾਂਤਰਣ ਹੋ ਜਾਏ - ਵੈਰ ਦੀ ਥਾਂ ਤੇ ਮਿਲਵਰਤਣ, ਨਫ਼ਰਤ ਦੀ ਥਾਂ ਤੇ ਪਿਆਰ, ਦੁਰਭਾਵਨਾ ਦੀ ਥਾਂ ਤੇ ਸਦਭਾਵਨਾ, ਝੂਠ ਦੀ ਥਾਂ ਤੇ ਸੱਚ।

✤ ਜਿਸਨੂੰ ਨਜ਼ਰ ਮਿਲਦੀ ਹੈ, ਉਹੀ ਦੇਖ ਸਕਦਾ ਹੈ। ਸਤਿਗੁਰੂ ਗਿਆਨ ਨੇਤਰ ਪ੍ਰਦਾਨ ਕਰਦਾ ਹੈ ਤਦ ਹੀ ਪ੍ਰਭੂ ਦਾ ਅਹਿਸਾਸ ਹੋ ਪਾਂਦਾ ਹੈ।

✤ ਜੇਕਰ ਸ਼ਰਧਾ ਹੈ ਤਾਂ ਬੰਦ ਦਰਵਾਜ਼ੇ ਵਿਚ ਵੀ ਰਾਹ ਹੈ।

✤ ਦੁਨੀਆ ਹਾਰ ਗਈ, ਸ਼ਰਧਾ ਪਾਰ ਗਈ।

✤ ਜੋ ਇਕ ਪ੍ਰਭੂ ਦੇ ਹੋ ਜਾਂਦੇ ਹਨ, ਉਹੀ ਸ਼ਾਂਤੀ, ਪ੍ਰੇਮ ਅਤੇ ਅਨੰਦ ਮਹਿਸੂਸ ਕਰਦੇ ਹਨ।

(ਪੂਰੇ ਪ੍ਰਵਚਨ ਲਈ ਅਗਲੇ ਅੰਕ ਦੀ ਉਡੀਕ ਕਰੋ)

ਸਤਿਗੁਰੂ ਬਾਬਾ ਜੀ ਦੇ ਦੈਵੀ ਬਚਨਾਂ ਦੇ ਨਾਲ ਅੱਜ ਦਾ ਪ੍ਰੋਗਰਾਮ ਸੰਪੰਨ ਹੋ ਗਿਆ ਹੈ। ਸ਼ਿਵਰਨ ਧੁਨੀ ਦੀ ਆਵਾਜ਼ ਦਿਲਾ ਵਿਚ ਦੈਵੀ ਅਹਿਸਾਸ ਭਰ ਰਹੀ ਹੈ।

ਸਮਾਂ ਕਾਫੀ ਹੋ ਗਿਆ ਹੈ, ਆਉ ਚਲੀਏ ਚਲ ਮਿਲਾਗੇ।

ਤੀਜਾ ਦਿਨ
16 ਨਵੰਬਰ 2009 (ਸੋਮਵਾਰ)

ਜਨਰਲ ਬਾਡੀ ਮੀਟਿੰਗ – ਸਵੇਰੇ 10 ਵਜੇ

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਅੱਜ ਸੰਪੰਨ ਜਨਰਲ ਬਾਡੀ ਮੀਟਿੰਗ ਵਿਚ ਕਿਹਾ ਕਿ ਆਪਸੀ ਸਦਭਾਵ ਦਾ ਮਾਹੌਲ ਵਿਕਸਿਤ ਕਰੀਏ ਅਤੇ ਸਕਾਰਾਤਮਕ ਸੋਚ ਦੇ ਆਧਾਰ ਤੇ ਸੱਚ ਪ੍ਰਚਾਰ ਦੀ ਦਿਸ਼ਾ ਵਿਚ ਜੁਟ ਜਾਈਏ।


ਸ਼੍ਰੀ ਮੀ.ਐਲ. ਗੁਲਾਟੀ

ਸਤਿਗੁਰੂ ਬਾਬਾ ਜੀ ਨੇ ਅੱਗੇ ਕਿਹਾ ਕਿ ਵਿਸ਼ਾਲ ਦਿਸ਼ਟੀਕੋਣ ਅਪਨਾਈਏ ਅਤੇ ਡੰਗਦਿਲੀਆਂ ਤੋਂ ਉਪਰ ਉਠੀਏ। ਗੁਰਮੱਤ ਨੂੰ ਜੀਵਨ ਦਾ ਆਧਾਰ ਬਣਾਈਏ। ਆਪ ਨੇ ਕਿਹਾ ਕਿ ਜਿਥੇ ਉਤਸਾਹ ਦਿਖਾਏ ਜਾਂਦੇ ਹਨ, ਉਥੇ ਸੰਗਤਾਂ ਵਿਚ ਸਾਧਨਾਂ ਦੀ ਕਮੀ ਹੋਣ ਦੇ ਬਾਵਜੂਦ ਵੀ ਵਾਧਾ ਹੁੰਦਾ ਜਾ ਰਿਹਾ ਹੈ।

ਸਤਿਗੁਰੂਦੇਵ ਹਰਦੇਵ ਜੀ ਨੇ ਜਿਨ੍ਹਾ ਖਾਸ ਗੱਲਾਂ ਵੱਲ ਧਿਆਨ ਦਵਾਇਆ, ਉਹ ਹਨ –

★ ਪਦਵੀਆਂ ਨਾਲ ਨਹੀਂ ਬਲਕਿ ਸੇਵਾ ਨਾਲ ਜੁੜੋ। ਸਭ ਤੋਂ ਉਚੀ ਪਦਵੀ ਗੁਰਸਿੱਖ ਦੀ ਹੈ।

★ ਜਿਸ ਸਹਿਜ ਅਵਸਥਾ ਦੀ ਗੱਲ ਕੀਤੀ ਜਾਂਦੀ ਹੈ ਉਸ ਤੇ ਅਮਲ ਵੀ ਹੋਣਾ ਚਾਹੀਦਾ ਹੈ।

★ ਜੁੜੀਏ ਤਾਂ ਗਿਆਨ ਦੇ ਨਾਲ, ਮਜ਼ਬੂਤੀ ਨਾਲ ਗੁਰਮੱਤ ਅਤੇ ਭਗਤੀ ਦਾ ਪੱਲਾ ਫੜੇ ਰੱਖੀਏ।

★ ਪਦਵੀਆਂ ਨਾਲ ਮਜ਼ਬੂਤੀ ਨਾਲ ਨਾ ਜੁੜੀਏ, ਕਿਉਂਕਿ ਪਦਵੀਆਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇਸ ਵਿਸ਼ੇ ਵਿਚ ਇਹ ਲਾਈਨਾਂ ਧਿਆਨ ਵਿਚ ਆ ਰਹੀਆਂ ਹਨ ਕਿ –

'ਜਿਤਨੀ ਗਹਿਰੀ ਆਸਕਤੀ ਉਤਨਾ ਗਹਿਰਾ ਦੁਖ'

★ ਗੁਰਸਿੱਖ ਤੋਂ ਉਚੀ ਕੋਈ ਪਦਵੀ ਨਹੀਂ ਹੈ। ਪਦਵੀਆਂ ਦੇ ਮੋਹ ਵਿਚ ਨਾ ਫਸੀਏ।

★ ਅਸੀ ਇਹ ਸੋਚਣਾ ਹੈ ਕਿ ਅਸੀ Part of the problem ਹਾਂ ਜਾਂ Part of the solution . ਸਮੱਸਿਆ ਖੜੀ ਨਹੀ ਕਰਨੀ ਬਲਕਿ ਸੱਮਸਿਆ ਨੂੰ ਹੱਲ ਕਰਨ 'ਚ ਯੋਗਦਾਨ ਦੇਣਾ ਹੈ।

★ ਜਾਗਰੂਕ ਰਹੀਏ ਅਤੇ ਮਨਮੱਤ ਨੂੰ ਛੱਡੀਏ। ਜੋ-ਜੋ ਨਿਰਦੇਸ਼ ਆਉਂਦੇ ਹਨ, ਉਨ੍ਹਾਂ ਤੇ ਹੂ-ਬ-ਹੂ ਅਮਲ ਕਰਦੇ ਜਾਈਏ।

ਇਸ ਤੋ ਪਹਿਲਾ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ੍ਰੀ ਮੀ.ਐਲ.ਗੁਲਾਟੀ ਨੇ ਮੰਡਲ ਦੇ ਅਨੇਕਾਂ ਵਿਭਾਗਾਂ ਦੀ ਸਾਲਾਨਾ ਤਰੱਕੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਇਸ

ਅਵਸਰ ਤੇ ਸ਼ਰਧਾਂਜਲੀ ਪ੍ਰਸਤਾਵ ਦੇ ਤਹਿਤ ਪਿਛਲੇ ਵਰ੍ਹੇ ਬ੍ਰਹਮਲੀਨ ਹੋਏ ਜਨਰਲ ਬਾਡੀ ਦੇ ਮੈਂਬਰਾਂ ਪ੍ਰਤੀ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਬ੍ਰਹਮਲੀਨ ਸੰਤਾਂ ਦੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

ਨਵੀ ਵਿਵਸਥਾ ਦੇ ਅਨੁਸਾਰ ਜਨਰਲ ਬਾਡੀ ਵਿਚ ਕੇਂਦਰੀ ਯੋਜਨਾ ਅਤੇ ਸਲਾਹਕਾਰ ਬੋਰਡ, ਕਾਰਜਕਾਰਣੀ ਕਮੇਟੀ, ਕੇਂਦਰੀ ਸੇਵਾਦਲ ਦੇ ਅਧਿਕਾਰੀ, ਜੋਨਲ ਇੰਚਾਰਜ, ਸੇਵਾਦਲ ਦੇ ਖੇਤਰੀ ਸੰਚਾਲਕ ਅਤੇ ਜ਼ਿਲਾ ਪ੍ਰਮੁੱਖ ਹੀ ਮੈਂਬਰ ਹਨ।

ਸਤਿਸੰਗ - ਦੁਪਹਿਰ 3 ਵਜੇ

ਅੱਜ ਦੇ ਮੰਚ ਸੰਚਾਲਕ ਦੀ ਸੇਵਾ **'ਸੰਤ ਨਿਰੰਕਾਰੀ' ਅਤੇ 'ਏਕ ਨਜ਼ਰ' (ਪੰਜਾਬੀ)** ਦੇ ਸੰਪਾਦਕ ਸ੍ਰੀ ਸੁਲੇਖ ਸਾਥੀ ਨੂੰ ਮਿਲੀ ਹੈ। ਬਹੁਮੁਖੀ ਪ੍ਰਤਿਭਾ ਦੇ ਮਾਲਿਕ ਸ੍ਰੀ 'ਸਾਥੀ' ਜੀ ਨੇ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ ਹੈ। ਸਮਾਂ ਹੈ, ਕੀਰਤਨ ਦਾ।

ਸ੍ਰੀ ਸੁਲੇਖ 'ਸਾਥੀ'

ਇਲਾਹਾਬਾਦ (ਯੂ.ਪੀ.) ਦੇ ਗੀਤਕਾਰ ਓਂਕਾਰ ਨਾਥ ਜੀ ਨੇ ਅੱਜ ਦੇ ਸਤਿਸੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਸੰਪੂਰਣ ਅਵਤਾਰ ਬਾਣੀ ਦਾ ਪਾਵਨ ਸ਼ਬਦ, ਪੰਡਾਲ ਦੇ ਵਾਤਾਵਰਣ ਨੂੰ ਭਗਤੀਮਈ ਰੂਪ ਪ੍ਰਦਾਨ ਕਰ ਰਿਹਾ ਹੈ।

ਅਵਤਾਰ ਇਨਕਲੇਵ (ਦਿੱਲੀ) ਦੀ ਭੈਣ ਸਪਨਾ ਆਪਣੇ ਸਾਥੀ ਕਲਾਕਾਰ ਨਾਲ ਹਿੰਦੀ ਭਾਸ਼ਾ ਵਿਚ ਗੀਤ ਪੇਸ਼ ਕਰ ਰਹੀ ਹੈ। ਗੀਤ ਦੇ ਬੋਲ ਹਨ-

ਮੁਕਤੀ ਕਾ ਦੁਵਾਰ ਧਰਤੀ ਪਰ,
ਸਤਿਗੁਰੂ ਯਹਾਂ ਦਿਆਲ ਹੈ।
ਕਮਾਲ ਹੈ, ਕਮਾਲ ਹੈ,
ਸਮੇਂ ਕਾ ਮਾਹੀ ਕਮਾਲ ਹੈ।

ਹੁਣ ਅਵਸਰ ਮਿਲਿਆ ਹੈ, ਦਿੱਲੀ ਦੇ ਸ੍ਰੀ ਸ਼ਿਖਰ ਮਲਹੋਤਰਾ ਨੂੰ। ਗਜ਼ਲ ਪੇਸ਼ ਕਰ ਰਹੇ ਹਨ ਜਿਸਦੇ ਬੋਲ ਹਨ –

ਹੋ ਜੁਬਾਂ ਵੋਹ ਕਿ ਜੋ ਤੇਰਾ ਜ਼ਿਕਰੇ ਖੈਰ ਕਰੇ।
ਵੋ ਬਿਆਂ ਹੋ ਜੋ ਤੁਮਹਾਰਾ ਜ਼ਿਕਰੇ ਖੈਰ ਕਰੇ।

ਗੀਤਾਂ ਦੀ ਇਸ ਲੜੀ ਵਿਚ ਹੁਣ ਅਵਸਰ ਮਿਲਿਆ ਹੈ, ਭੋਲਾ (ਮੇਰਠ, ਯੂ.ਪੀ.) ਦੇ ਸ੍ਰੀ ਸ੍ਰੀਨਿਵਾਸ ਅਤੇ ਊਰਮਿਲਾ ਜੀ ਨੂੰ। ਇਨ੍ਹਾਂ ਦੇ ਗੀਤ ਦੇ ਬੋਲ ਹਨ -

ਨ ਹਿੰਦੂ ਬਨਾਇਆ, ਨ ਮੁਸਲਮਾਨ ਬਨਾਇਆ।
ਭਗਵਾਨ ਨੇ ਬੰਦਾ ਸਿਰਫ ਇਨਸਾਨ ਬਨਾਇਆ।
ਕੋਈ ਭੀ ਗੈਰ ਨਹੀਂ ਹੈ ਕਿਸੀ ਸੇ ਵੈਰ ਨਹੀਂ ਹੈ..

ਸਰਬ ਮੰਗਲਕਾਰੀ ਭਾਵਨਾਵਾਂ ਦੇ ਪ੍ਰਤੀਕ ਇਸ ਮੰਚ ਤੇ ਹੁਣ ਦੇਹਰਾਦੂਨ (ਉਤਰਾਖੰਡ) ਦੇ ਰਵਿੰਦਰ ਬਡੋਨੀ ਜੀ, ਗੜਵਾਲੀ ਭਾਸ਼ਾ ਵਿਚ ਗੀਤ ਪੇਸ਼ ਕਰ ਰਹੇ ਹਨ। ਇਸ ਗੀਤ ਵਿਚ ਮਾਨਵ ਨੂੰ ਮਾਨਵ ਦੇ ਕਰੀਬ ਲਿਆਉਣ ਅਤੇ ਮਾਨਵਤਾ ਨੂੰ ਉਜਾਗਰ ਕਰਨ ਦੀ ਭਾਵਨਾ ਪ੍ਰਗਟ ਕੀਤੀ ਹੈ।

ਸੰਤ ਨਿਰੰਕਾਰੀ ਮਿਸ਼ਨ ਦੀ ਮਾਨਵਤਾਮਈ ਭਾਵਨਾ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਬ੍ਰਹਮਲੀਨ ਮਹਾਤਮਾ ਗਿਆਨ ਸਿੰਘ 'ਮਹਿਰਮ' ਜੀ ਦੀ ਗਜ਼ਲ ਰਾਹੀ। ਭੈਣ ਆਰਤੀ ਜੀ (ਚੰਡੀਗੜ੍ਹ) ਇਹ ਗਜ਼ਲ ਗਾ ਰਹੇ ਹਨ –

ਜੀਨੇ ਕੇ ਸਤਿਗੁਰ ਨੇ ਸਹਾਰੇ ਬਨਾ ਦੀਏ।
ਜ਼ੱਰੇ ਪਰ ਨਜ਼ਰ ਡਾਲੀ ਸਿਤਾਰੇ ਬਨਾ ਦੀਏ।
ਹਮਕੋ ਤੋ ਸਤਿਗੁਰੂ ਕੀ ਰਹਿਮਤ ਪੇ ਨਾਜ਼ ਹੈ,
ਤੂਫ਼ਾਨੀ ਜ਼ਿੰਦਗੀ ਮੇਂ ਕਿਨਾਰੇ ਬਨਾ ਦੀਏ।

ਹੁਣ ਇਸ ਮੰਚ ਤੇ ਭਿਲਾੜ (ਗੁਜਰਾਤ) ਦੇ ਗੌਮਨ ਭਾਈ। ਗੁਜਰਾਤੀ ਭਾਸ਼ਾ ਵਿਚ ਕਹਿ ਰਹੇ ਹਨ ਕਿ—

ਪਹਿਲਾਂ ਵਪਾਰ ਵਿਚ ਧਰਮ ਸੀ ਤਾਂ ਪ੍ਰਮਾਣਿਕਤਾ ਵੀ ਸੀ, ਈਮਾਨਦਾਰੀ ਵੀ ਸੀ। ਹੁਣ ਸਮਾਂ ਬਦਲ ਗਿਆ ਹੈ। ਧਰਮ ਵਿਚ ਵਪਾਰ ਵੜ ਗਿਆ ਹੈ, ਜਿਸ ਨਾਲ ਮਾਨਵਤਾ ਬਿਖਰ ਗਈ ਹੈ।

ਬਾਬਾ ਜੀ ਵਿਸ਼ਵ ਭਰ ਵਿਚ ਭਾਵਨਾਤਮਕ ਪ੍ਰੀਵਰਤਨ ਲਿਆ ਰਹੇ ਹਨ, ਜਿਸ ਨਾਲ ਮਾਨਵਤਾ ਦਾ ਭਵਿੱਖ ਉਜਵੱਲ ਹੋਇਆ ਹੈ।

ਆਪਦਾ ਕਹਿਣਾ ਹੈ ਕਿ ਮਨਾ ਚੋ ਦੀਵਾਰਾ ਡਿਗ ਜਾਣ ਤਾਂ ਬਾਹਰ ਦੀਆਂ ਦੀਵਾਰਾਂ ਵੀ ਨਹੀ ਰਹਿਣਗੀਆਂ।

ਇਸ ਸਾਰ-ਭਰਪੂਰ ਬਚਨਾਂ ਦੇ ਬਾਦ ਚੰਡੀਗੜ ਦੇ ਗੀਤਕਾਰ ਸੁਨੀਲ ਭੰਡਾਰੀ ਜੀ ਗਜ਼ਲ ਪੇਸ਼ ਕਰ ਰਹੇ ਹਨ, ਜਿਸਦੇ ਬੋਲ ਹਨ ਕਿ —

ਯੂੰ ਪਿਆਰ ਕਰਨਾ ਜ਼ਰੂਰੀ ਹੈ ਬੰਦਗੀ ਕੇ ਲੀਏ ,
ਕਿ ਜੈਸੇ ਸਾਂਸ ਕੋ ਲੇਤੇ ਹੈਂ ਜ਼ਿੰਦਗੀ ਕੇ ਲੀਏ ।

ਬਹੁਤ ਹੀ ਸਪਸ਼ਟਵਾਦਿਤਾ ਨਾਲ ਪਿਆਰ ਦੀ ਮਹੱਤਤਾ ਸਪਸ਼ਟ ਕੀਤੀ ਗਈ ਹੈ।

ਵਰਣਨ ਕਰ ਰਹੇ ਹਨ ਕਿ ਕਿਸ ਤਰ੍ਹਾਂ ਸਤਿਗੁਰੂ ਨੇ ਸਾਨੂੰ ਸਿਰਫ ਦਿਨਸਾਰੀਅਤ ਹੀ ਨਹੀਂ ਸਿਖਾਈ ਬਲਕਿ ਜੀਵਨ ਜੀਣ ਦਾ ਸਹੀ ਢੰਗ ਵੀ ਸਿਖਾਇਆ ਹੈ।

ਸਮਾਗਮ ਵਿਚ ਆਉਣ ਦਾ ਮੰਤਵ ਵੀ ਇਹੀ ਹੈ ਕਿ ਨਵੇਂ ਸਮੇ ਦੀ ਮੰਗ ਦੇ ਅਨੁਸਾਰ ਸਤਿਗੁਰੂ ਦੇ ਬਚਨਾਂ ਨੂੰ ਸੁਣ ਅਤੇ ਸਮਝ ਸਕੀਏ।

ਦਯਾਲਾਚੱਕ (ਜੰਮੂ-ਕਸ਼ਮੀਰ) ਤੋਂ ਆਈਆਂ ਦੋ ਭੈਣਾ ਲਛਮੀ ਜੀ ਅਤੇ ਗੀਤਾ ਜੀ ਹੁਣ ਗੀਤ ਪੇਸ਼ ਕਰ ਰਹੀਆਂ ਹਨ, ਜਿਸ ਦੇ ਬੋਲ ਹਨ —

ਰਹੀ ਬਖਸਦਾ ਤੂ ਕੀਤੇ ਹੋਏ ਕਸੂਰ ਦਾਤਿਆ।
ਸਾਨੂੰ ਚਰਣਾਂ ਤੋਂ ਕਰੀਂ ਨਾ ਤੂ ਦੂਰ ਦਾਤਿਆ।

ਚੇਨੱਈ (ਤਮਿਲਨਾਡੂ) ਤੋਂ ਆਏ ਸੇਕਰ ਜੀ ਹੁਣ ਤਮਿਲ ਭਾਸਾ ਵਿਚ ਸਤਿਗੁਰੂ ਦਾ ਗੁਣਗਾਨ ਕਰ ਰਹੇ ਹਨ।

ਭਾਸ਼ਾਈ ਅਤੇ ਸੰਸਕ੍ਰਿਤਕ ਤਾਲਮੇਲ ਦੀ ਭਾਵਨਾ ਨੂੰ ਅੱਗੇ ਵਧਾ ਰਹੀਆਂ ਹਨ, ਕਲਕੱਤਾ (ਪੱ. ਬੰਗਾਲ) ਤੋਂ ਆਈਆਂ ਦੋ ਬੱਚੀਆਂ — ਸੋਨੀਆ ਅਤੇ ਨਿੰਮੀ।

ਇਸ ਬਾਂਗਲਾ ਗੀਤ ਵਿਚ ਵੀ ਮਾਨਵ ਨੂੰ ਜਗਾਉਣ ਦਾ ਜਤਨ ਕੀਤਾ ਗਿਆ ਹੈ। ਅਗਿਆਨ ਛੱਡ ਕੇ ਗਿਆਨ ਵਲ ਪ੍ਰੇਰਿਤ ਕੀਤਾ ਗਿਆ ਹੈ।

ਵਿਸ਼ਵ ਸ਼ਾਂਤੀ ਅਤੇ ਮਾਨਵਤਾ ਦੇ ਮਸੀਹਾ ਨਿਰੰਕਾਰੀ ਬਾਬਾ ਜੀ ਦੇ ਮਾਨਵਤਾਮਈ ਸੰਦੇਸ਼ ਨੂੰ ਪ੍ਰਗਟ ਕਰਨ ਲਈ ਬਰਮਿੰਘਮ (ਇੰਗਲੈਂਡ) ਤੋਂ ਅਜੈ ਆਹੂਜਾ ਜੀ ਇਸ ਮੰਚ ਤੇ ਆਏ ਹਨ। ਆਪਣੇ ਵਿਚਾਰਾਂ ਵਿਚ ਸਤਿਗੁਰੂ ਦੀ ਦੇਨ ਦਾ

ਇਸ ਸਮਰਪਿਤ ਮੰਚ 'ਚ ਜਿਵੇਂ ਅਸੀ ਵੀ ਸ਼ਾਮਿਲ ਹਾਂ ਕਿਉਂਕਿ ਸਾਡੇ ਤੋ ਵੀ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ। ਕੋਸ਼ਿਸ਼ ਤਾਂ ਕੀਤੀ ਜਾਦੀ ਹੈ ਕਿ ਨਾ ਕੀਤੀਆਂ ਜਾਣ, ਇਸਦੇ ਬਾਵਜੂਦ ਜਾਣੇ-ਅਨਜਾਣੇ ਹੋਣ ਵਾਲੀਆਂ ਗਲਤੀਆਂ ਦੇ ਪ੍ਰਤੀ ਭਗਤ ਦੇ ਹਿਰਦੇ ਵਿਚ ਗ਼ਿਲਾ ਦੀ ਚਾਹਤ ਹੁੰਦੀ ਹੈ।

ਅਮਰੀਕਾ ਤੋਂ ਆਈਆਂ ਆਰਤੀ ਤੇ ਨੇਹਾ ਜੀ ਨੂੰ ਹੁਣ ਅਵਸਰ ਪ੍ਰਦਾਨ ਕੀਤਾ ਗਿਆ ਹੈ। ਇਹ ਅੰਗਰੇਜ਼ੀ ਭਾਸ਼ਾ ਵਿਚ ਕਹਿ ਰਹੀਆਂ ਹਨ —

★ ਪਹਿਲੀ ਵਾਰ ਇਸ ਸਮਾਗਮ ਵਿਚ ਆਈਆਂ ਹਾਂ। ਇਥੇ ਦੀ ਵਿਸ਼ਾਲਤਾ ਦੇਖ ਕੇ ਰੋਮਾਂਚਕ ਹਾਂ। ਭਗਤਾਂ ਦਾ ਅਧਿਆਤਮਿਕ ਅਨੁਸ਼ਾਸਨ ਵੀ ਪ੍ਰਭਾਵ-ਪੂਰਣ ਹੈ।

★ ਸੇਵਾਦਲ ਰੈਲੀ ਵਿਚ ਜੋ ਅਨੁਸ਼ਾਸਨ ਦੇਖਣ ਨੂੰ ਮਿਲਿਆ, ਉਹ ਵੀ ਸਿਖਿਆਦਾਇਕ ਹੈ।

★ ਇਸ ਸਮਾਗਮ ਵਿਚ ਦੂਰੀਆਂ ਸਹਿਜਤਾ ਨਾਲ ਖਤਮ ਹੋ ਰਹੀਆਂ ਹਨ। ਭਗਤੀ ਅਤੇ ਪ੍ਰੇਮ ਦੇ ਕਾਰਣ ਭੀੜ ਵੀ, ਭੀੜ ਜਿਹੀ ਨਹੀਂ ਲਗਦੀ।

★ ਇਸ ਸਮਾਗਮ ਵਿਚ ਜੋ ਸੇਵਾਵਾਂ ਕਰ ਰਹੇ ਹਨ, ਉਹ ਸੁਭਾਗਸ਼ਾਲੀ ਹਨ।

★ ਸਾਡੀ ਸਾਧਸੰਗਤ ਅਤੇ ਇਸ ਸਮਾਗਮ ਦੀ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਉਹ ਜਿਵੇਂ ਇਕ ਤਰਣਤਾਲ (Swimming pool) ਹੈ ਅਤੇ ਇਹ ਜਿਵੇਂ ਇਕ ਮਹਾਂਸਾਗਰ ਹੈ।

★ ਸਤਿਗੁਰੂ ਨਾਲ ਹੈ ਤਾਂ ਕੁਲ ਦੁਨੀਆ ਨਾਲ ਹੈ।

ਗੁੜਗਾਵਾ (ਹਰਿਆਣਾ) ਦੇ ਪ੍ਰਤਿਭਾ-ਸੰਪੰਨ ਗੀਤਕਾਰ ਵਿਨੋਦ ਸਾਈਂ ਹੁਣ ਅਪਣੇ ਭਾਵ ਪ੍ਰਗਟ ਕਰ ਰਹੇ ਹਨ। ਇਕ ਸਮਰਪਿਤ ਭਗਤ ਦੀ ਅਵਸਥਾ ਬਿਆਨ ਕਰਦੇ ਹੋਏ ਕਹਿ ਰਹੇ ਹਨ —

ਕਾਯਰ ਡਾਰੂ ਕਿਰਕਿਰਾ, ਸੁਰਮਾ ਦੀਆ ਨਾ ਜਾਏ।
ਜਿਨ ਨੈਨਣ ਮੇਂ ਪੀ ਬਸੇ, ਦੂਜਾ ਕੌਨ ਸਮਾਏ।

ਇਹ ਅਮੀਰ ਖੁਸਰੋ ਦਾ ਕਲਾਮ ਹੈ, ਜਿਸਨੂੰ ਸ਼੍ਰੀ ਸਾਈਂ ਬੜੀ ਲਗਨ ਨਾਲ ਗਾ ਰਹੇ ਹਨ।

ਬਲਿ ਬਲਿ ਜਾਊਂ ਮੈਂ ਤੇਰੇ ਰੰਗ ਰਜਵਾ,
ਅਪਨੀ ਸੀ ਰੰਗੀ ਦੀਨੀ ਰੇ ਤੋਸੇ ਨੈਣਾਂ ਮਿਲਾਈਕੇ।

ਇਸ ਸ਼ਾਸਤਰੀ ਗਾਇਨ ਦੇ ਬਾਦ ਸਮਾਂ ਹੋ ਚੁੱਕਿਆ ਹੈ, ਇਸ ਸਾਲ ਦੇ ਕਵੀ ਦਰਬਾਰ ਦਾ।

ਕਵੀ ਦਰਬਾਰ — 6.30 ਵਜੇ ਸ਼ਾਮ

ਇਸ ਸਾਲ ਦੇ ਕਵੀ ਦਰਬਾਰ ਨੂੰ ਦਿਸ਼ਾ ਪ੍ਰਦਾਨ ਕੀਤਾ ਗਿਆ ਹੈ –

ਜਗ ਦੀ ਸੋਭਾ ਉਹ ਬਣਦੇ ਨੇ, ਗੁਰੂ ਬਚਨਾਂ ਨੂੰ ਜੋ ਅਪਨਾਂਦੇ

ਇਸ ਦੈਵੀ ਭਾਵਨਾ ਨੂੰ ਸਮਰਪਿਤ ਇਸ ਕਵੀ ਦਰਬਾਰ ਦਾ ਸੰਚਾਲਨ ਵੀ ਸੁਲੇਖ ਸਾਥੀ ਜੀ ਹੀ ਕਰ ਰਹੇ ਹਨ ਜੋ ਕਿ ਲੇਖ ਕਵੀ ਸਭਾ ਦੇ ਸਕੱਤਰ ਵੀ ਹਨ।

ਕਵੀ ਸੰਮੇਲਨ ਦਾ ਹਰ ਸਾਲ ਹੀ ਇਕ ਅਨੋਖਾ ਆਕਰਸ਼ਣ ਹੁੰਦਾ ਹੈ। ਇਸ ਸਾਲ ਇਹ ਆਕਰਸ਼ਣ ਹੋਰ ਵੀ ਵੱਧ ਗਿਆ ਹੈ ਕਿਉਂਕਿ ਇਸਦੀ ਸ਼ੁਰੂਆਤ ਹੋਈ ਹੈ, ਪਰਮ-ਸਮਤਾਮਈ ਨਿਰੰਕਾਰੀ ਰਾਜਮਾਤਾ ਜੀ ਦੀ ਕਵਿਤਾ ਨਾਲ।

ਵਾਹ-ਵਾਹ ਦੀ ਆਵਾਜ਼ ਨਾਲ ਪੰਡਾਲ ਗੂੰਜ ਉਠਿਆ ਹੈ। ਬਹੁਤ ਹੀ ਸੁੰਦਰ ਹੁੰਗਾਰਾ ਮਿਲਿਆ ਹੈ।

ਕਵੀ ਸੰਮੇਲਨ ਵਿਚ ਕੁਲ 20 ਕਵੀਆਂ ਨੇ ਆਪਣੀਆਂ ਰਚਨਾਵਾਂ ਪੜੀਆਂ ਹਨ। ਇਨ੍ਹਾਂ ਵਿਚ 11 ਕਵੀ ਪੰਜਾਬੀ ਭਾਸ਼ਾ ਦੇ, ਪੰਜ ਹਿੰਦੀ ਭਾਸ਼ਾ ਦੇ, ਦੋ ਮੁਲਤਾਨੀ ਭਾਸ਼ਾ ਦੇ ਅਤੇ ਹਰਿਆਣਵੀ ਅਤੇ ਸਿੰਧੀ ਭਾਸ਼ਾ ਦਾ ਇਕ-ਇਕ ਕਵੀ

जग की शोभा वे बनते हैं, गुरुवचनों को जो अपनाते।

ਸ਼ਾਮਿਲ ਹੈ। ਦੋ ਕਵੀ ਦੂਰ-ਦੇਸ਼ਾਂ ਤੋਂ ਆਏ ਹਨ ਜਦ ਕਿ ਬਾਕੀ ਕਵੀ ਭਾਰਤ ਤੋਂ ਹੀ ਹਨ।

ਕਵੀ ਸੰਮੇਲਨ ਦੇ ਦੌਰਾਨ ਸਰਦ ਸ਼੍ਰੀ ਸੰਜੀਵ ਨਾਇਕ (ਸਾਂਸਕ, ਨਵੀਂ ਮੁੰਬਈ) ਬਲਬੀਰ ਸਿੰਘ ਸਿੱਧੂ (ਐਮ.ਐਲ.ਏ ਮੋਹਾਲੀ) ਆਦਿ ਵਿਸੇਸ ਵਿਅਕਤੀ ਪਧਾਰੇ ਹਨ।

ਸਾਰਿਆਂ ਨੇ ਇਸ ਗੱਲ ਦੀ ਯਥਾਰਥਤਾ ਨੂੰ ਸਵੀਕਾਰ ਕੀਤਾ ਹੈ ਕਿ ਗੁਰੂ ਦੇ ਕਲਿਆਣਕਾਰੀ ਵਚਨਾਂ ਨੂੰ ਮੰਨਣ ਵਿਚ ਹੀ ਸਭ ਦੀ ਭਲਾਈ ਹੈ।

ਲਗਪਗ ਪੰਜ ਦੇ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਕਵਿ-ਰਸ ਦੇ ਅਨੇਕਾਂ ਰੰਗ ਦੇਖਣ ਨੂੰ ਮਿਲੇ ਹਨ। ਕਵਿ-ਪ੍ਰਵਾਹ ਦੇ ਇਸ ਸੰਗਮ ਦਾ ਪ੍ਰਭਾਵ ਕਾਫੀ ਦੇਰ ਤਕ ਸਰੋਤਿਆਂ ਨੂੰ ਅਨੰਦ ਦੇਂਦਾ ਰਹੇਗਾ, ਅਜਿਹੀ ਉਮੀਦ ਹੈ।

ਸਮਾਪਨ ਪੜਾਅ

62ਵੇਂ ਵਾਰਸ਼ਿਕ ਸੰਤ ਸਮਾਗਮ ਦਾ ਸਮਾਪਨ ਪੜਾਅ ਸ਼ੁਰੂ ਹੋ ਚਿਹਾ ਹੈ। ਇਸਦਾ ਮੰਚ ਸੰਚਾਲਨ ਸ਼੍ਰੀ ਕੁਲਦੀਪ ਸਿੰਘ ਜੀ ਕਰ ਰਹੇ ਹਨ। ਅਵਤਾਰ ਇਨਕਲੇਵ (ਦਿੱਲੀ) ਦੀ ਜਾਣੀ-ਪਛਾਣੀ ਗੀਤਕਾਰ ਸੁਸ਼੍ਰੀ ਮੇਘਾ ਚੱਢਾ ਨੂੰ ਅਵਸਰ ਪ੍ਰਦਾਨ ਕੀਤਾ ਗਿਆ ਹੈ ਜੋ ਸੰਪੂਰਣ ਅਵਤਾਰ ਬਾਣੀ ਦਾ ਸਬਦ ਪੇਸ਼ ਕਰੀ ਹੈ –

ਸਬਰ ਸਿਦਕ ਦਾ ਚੋਲਾ ਹੋਵੇ
ਤੇਰਾ ਇਕ ਸਹਾਰਾ ਰਹੇ।


ਸ਼੍ਰੀ ਕੁਲਦੀਪ ਸਿੰਘ

ਇਕ ਭਗਤ ਹੋਸ਼ਾ ਅਜਿਹੀ ਹੀ ਭਾਵਨਾ ਮਨ ਵਿਚ ਰੱਖਦਾ ਹੈ, ਕਿਉਂਕਿ ਇਸ ਵਿਚ ਭਗਤੀ ਦੀ ਮਹਿਮਾ ਬਣੀ ਰਹਿੰਦੀ ਹੈ।

ਹੰਸਤੀ ਦੁਨੀਆ (ਮਾਸਿਕ) ਦੇ ਸੰਪਾਦਕ ਸ਼੍ਰੀ ਵਿਨੈ ਜੋਸ਼ੀ ਜੀ ਮਹਾਨ ਵਿਚਾਰਕ ਹਨ। ਹੁਣ ਇਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਵਸਰ ਮਿਲਿਆ ਹੈ। ਸ਼੍ਰੀ ਜੋਸ਼ੀ ਜੀ ਦਾ ਕਹਿਣਾ ਹੈ ਕਿ–

★ ਜਿਥੇ ਪ੍ਰਭੂ ਦਾ ਨਾਮ ਲਿਆ ਜਾ ਰਿਹਾ ਹੈ, ਉਥੇ ਸ਼ਾਂਤੀ ਹੁੰਦੀ ਹੈ, ਭਾਈਚਾਰਾ ਹੁੰਦਾ ਹੈ, ਲੇਕਿਨ ਅਜੋਕੇ ਸਮੇਂ ਸਥਿਤੀ ਬਦਲੀ ਹੋਈ ਹੈ। ਪ੍ਰਭੂ ਦਾ ਨਾਮ ਤਾਂ ਕਈ T. V. ਚੈਨਲਾਂ ਤੇ ਦਿਨ-ਰਾਤ ਪ੍ਰਸਾਰਤ ਹੋ ਰਿਹਾ ਹੈ ਪਰ ਸ਼ਾਂਤੀ ਅਤੇ

ਸ਼੍ਰੀ ਰਵਿੰਦਰ ਭਰਨੀ

ਸ਼੍ਰੀ ਵਿਨੈ ਜੋਸ਼ੀ

ਡਾ ਗਿਆਨਵੰਤੀ ਸਕਸੈਨਾ

ਭਾਈਚਾਰੇ ਦਾ ਨਾਮੋ – ਨਿਸ਼ਾਨ ਨਹੀਂ ਕਿਉਂਕਿ ਨਾਮ ਲੈਣ ਦੇ ਪਿਛੇ ਭਾਵਨਾ ਕੁਝ ਹੋਰ ਹੀ ਛੁਪੀ ਹੋਈ ਹੈ।

★ ਭਗਤੀ ਵਿਚ ਬਨਾਵਟ ਜਾਂ ਪ੍ਰਦਰਸ਼ਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਭਗਤੀ ਵਿਚ ਦੋ ਅੱਖ ਮੌਜੂਦ ਹਨ ਭਗਤ ਅਤੇ ਯੁਕਤੀ। 'ਭ' ਦਾ ਭਾਵ ਹੈ – ਭਗਵਾਨ, ਗਿਆਨ ਅਤੇ ਪ੍ਰਕਾਸ਼। ਅਗਲਾ ਅੱਸ਼ ਹੈ- ਯੁਕਤੀ ; ਅਰਥਾਤ ਪ੍ਰਭੂ ਨਾਲ ਭਰਪੂਰ ਹੋ ਜਾਣਾ।

★ ਭਗਤੀ ਸਤਿਗੁਰੂ ਦੀ ਰਹਿਮਤ ਨਾਲ ਹੀ ਹੁੰਦੀ ਹੈ, ਹੋਰ ਤਰੀਕਿਆਂ ਨਾਲ ਨਹੀਂ।

ਇਸੀ ਦੌਰਾਨ ਦਿੱਲੀ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼੍ਰੀਮਤੀ ਕ੍ਰਿਸ਼ਣਾ ਤੀਰਥ ਸਤਿਗੁਰੂ ਬਾਬਾ ਜੀ ਦਾ ਸਵਾਗਤ ਕਰਨ ਲਈ ਪਧਾਰੀ ਹੈ।

ਦਾਤੀ (ਗੁਜਰਾਤ) ਤੋਂ ਆਈਆਂ ਜ਼ਿਵਾਂਗੀ ਅੰਛ ਪਾਰਟੀ ਦੀਆਂ ਭੈਣਾਂ ਹੁਣ ਇਸ ਮੰਚ ਤੇ ਆਪਣੀ ਪੇਸ਼ਕਾਰੀ ਲਈ ਹਾਜ਼ਰ ਹਨ। ਗੁਜਰਾਤੀ ਭਾਸ਼ਾ ਵਿਚ ਭਜਨ ਪੇਸ਼ ਕਰ ਰਹੀਆਂ ਹਨ। ਸੇਵਾਦਲ ਦੀਆਂ ਇਨ੍ਹਾਂ ਭੈਣਾਂ ਨੇ ਵੀ ਭਗਤੀ ਭਾਵਨਾ ਨੂੰ ਪੇਸ਼ ਕੀਤਾ ਹੈ।

ਕੋਟਲੀ (ਪਠਾਨਕੋਟ) ਤੋਂ ਆਈ ਭੈਣ ਅਨੂੰ ਜੀ ਨੂੰ ਹੁਣ ਅਵਸਰ ਪ੍ਰਦਾਨ ਕੀਤਾ ਗਿਆ ਹੈ। ਪੰਜਾਬੀ ਭਾਸਾ ਵਿਚ ਸ਼ਬਦ ਪੇਸ਼ ਕਰ ਰਹੀ ਹੈ, ਜਿਸਦੇ ਬੋਲ ਹਨ –

ਤੇਰਾ ਦਰਬਾਰ ਹੈ ਆਲੀ,
ਨਾ ਮੁੜਿਆ ਕੋਈ ਵੀ ਖਾਲੀ।
ਪੂਰਾ ਸਤਿਗੁਰੂ ਸਭ ਨੂੰ ਬ੍ਰਹਮ ਨਾਲ ਜੋੜਦਾ.....

ਗੀਤ ਬਹੁਤ ਸੁੰਦਰ ਹੈ, ਜਿਸਨੂੰ ਇਨ੍ਹਾਂ ਨੇ ਭਾਵ-ਭਰਪੂਰ ਅਤੇ ਬੁਲੰਦ ਆਵਾਜ਼ ਨਾਲ ਗਾਇਆ ਹੈ।

ਇੰਟਰਫੇਥ ਹਾਰਮਨੀ ਫਾਊਂਡੇਸ਼ਨ ਦੇ ਅਧਿਅਕਸ਼ ਖ਼ਵਾਜਾ ਇਫ਼ਤਖਾਰ ਅਹਿਮਦ ਹੁਣ ਅਪਣੇ ਵਿਚਾਰ ਪ੍ਰਗਟ ਕਰ ਰਹੇ ਹਨ। ਕਹਿ ਰਹੇ ਹਨ ਕਿ —

★ ਮੈਂ ਸਤਿਗੁਰੂ ਬਾਬਾ ਜੀ, ਨਿਰੰਕਾਰੀ ਰਾਜਮਾਤਾ ਜੀ, ਪ੍ਰਜਪ ਮਾਤਾ ਜੀ ਅਤੇ ਅਪ ਸਾਰਿਆਂ ਨੂੰ ਸਲਾਮ ਕਰਦਾ ਹਾਂ।

★ ਇਸਲਾਮ ਦਾ ਸ਼ਰਧਾਲੂ ਹੋਣ ਦੇ ਨਾਤੇ ਮੈਂ ਵੀ ਨਿਰੰਕਾਰ ਨੂੰ ਹੀ ਮੰਨਦਾ ਹਾਂ।

★ ਸੰਤ ਨਿਰੰਕਾਰੀ ਮਿਸ਼ਨ ਦੇ ਸ਼ਰਧਾਲੂਆਂ ਦੀ ਨਿਮਰਤਾ ਬਹੁਤ ਹੀ ਪ੍ਰਭਾਵਿਤ ਕਰਦੀ ਹੈ। ਉਹ ਜੁੱਤੇ ਇੰਝ ਚੁੱਕਦੇ ਹਨ, ਜਿਵੇਂ ਤਾਜ ਚੁੱਕ ਰਹੇ ਹੋਣ। ਇਸ ਨਿਮਰਤਾ-ਭਾਵ ਦੀ ਅੱਜ ਬਹੁਤ ਜ਼ਰੂਰਤ ਹੈ।

★ ਦੁਨੀਆ ਨੂੰ ਪ੍ਰੇਮ ਦੀ ਬਹੁਤ ਜ਼ਰੂਰਤ ਹੈ।

ਹੁਣ ਉਤਰਾਖੰਡ ਦੇ ਚਿੰਨਯਾਲੀਸੌੜ ਤੋਂ ਆਏ ਮਹਾਤਮਾ ਬੁੱਧੀਵੱਲਭ ਜੀ ਗੜ੍ਹਵਾਲੀ ਭਾਸ਼ਾ ਵਿਚ ਭਜਨ ਪੇਸ਼ ਕਰ ਰਹੇ ਹਨ।

ਗੁੜਗਾਂਵਾ ਦੀ ਭੈਣ ਡਾ. ਗਿਆਨਮਣੀ ਸਕਸੈਨਾ ਸੰਤ ਨਿਰੰਕਾਰੀ ਮਿਸ਼ਨ ਦੀ ਪ੍ਰਭਾਵਸ਼ਾਲੀ ਵਿਚਾਰਕ ਅਤੇ ਵਿਦਵਾਨ ਹੈ। ਅਪਣੀਆਂ ਭਾਵਨਾਵਾਂ ਵਿਚ ਕਹਿ ਰਹੀ ਹੈ ਕਿ -

★ ਗਿਆਨ ਦੇ ਸਮਾਨ ਪਵਿੱਤਰ, ਸੰਸਾਰ ਵਿਚ ਕੁਝ ਵੀ ਨਹੀਂ।

★ ਉਠੋ ਜਾਣੋ, ਤੱਤ ਗਿਆਨ ਪ੍ਰਾਪਤ ਕਰੋ, ਤੱਤਦਰਸ਼ੀ ਮਹਾਰਮਾ ਦੀ ਸ਼ਰਣ ਵਿਚ ਜਾ ਕੇ।

★ ਇਹ ਵਿਸ਼ਾਲ ਸੰਤ ਸਮਾਗਮ ਤੱਤ ਗਿਆਨ ਦਾ ਹੀ ਵਿਸਥਾਰ ਹੈ। ਇਹ ਗਿਆਨ ਦਾ ਪ੍ਰਤੱਖ ਰੂਪ ਹੈ।

★ ਜ਼ਿੰਦਗੀ ਭਾਵਨਾਵਾਂ ਦੀ ਗੀਤਾ ਹੈ, ਕਾਨੂੰਨ ਦੀ ਕਿਤਾਬ ਨਹੀਂ ਹੈ।

★ ਗਿਆਨ ਦਾ ਜਿੰਨਾ ਪੁਰਾਤਨ ਮਹੱਤਵ ਹੈ, ਓਨਾ ਹੀ ਆਧੁਨਿਕ ਵੀ ਹੈ।

ਅਪਣੇ ਵਿਚਾਰਾਂ ਵਿਚ ਇਨ੍ਹਾਂ ਸੰਸਕ੍ਰਿਤ ਦਾ ਵੀ ਭਰਪੂਰ ਉਪਯੋਗ ਕੀਤਾ ਹੈ।

ਜਬਲਪੁਰ ਦੇ ਸਤੀਸ਼ ਗੋਲਾਨੀ ਜੀ ਹੁਣ ਮੰਚ ਤੇ ਹਨ। ਉਨ੍ਹਾਂ ਦੀ ਗ਼ਜ਼ਲ ਦੇ ਬੋਲ ਹਨ —

ਜਿਸਕੋ ਦੁਨੀਆ ਕੀ ਹਕੀਕਤ ਕਾ ਪਤਾ ਹੋਤਾ ਹੈ।
ਉਸਕੇ ਜੀਨੇ ਕਾ ਸਲੀਕਾ ਹੀ ਜੁਦਾ ਹੋਤਾ ਹੈ।

ਸੰਤ ਨਿਰੰਕਾਰੀ ਮੰਡਲ ਦੇ ਮਹਾਂ-ਸਕੱਤਰ ਅਤੇ 62ਵੇ ਸੰਤ ਸਮਾਗਮ ਦੇ ਆਯੋਜਨਾ ਵਿਚੋਂ ਇਕ ਸ੍ਰੀ ਵੀ.ਡੀ.ਨਾਗਪਾਲ ਜੀ ਹੁਣ ਅਪਣੇ ਵਿਚਾਰਾਂ ਵਿਚ ਸੰਤ ਸਮਾਗਮ ਦੀ ਪਿਛਿਕੜ ਅਤੇ ਵਰਤਮਾਨ ਅਵਸਥਾ ਤਕ ਪਹੁੰਚਣ ਦਾ ਵਰਣਨ ਕਰ ਰਹੇ ਹਨ, ਕਹਿ ਰਹੇ ਹਨ ਕਿ —

★ ਅਪ੍ਰੈਲ ਵਿਚ ਹੋਈ ਜਨਰਲ ਬਾਡੀ ਮੀਟਿੰਗ ਦੇ ਤਹਿਤ ਹੀ ਸਾਰੇ ਪ੍ਰਬੰਧ ਹੋਏ।

★ ਅਸੀਂ ਸਭ ਤਾਂ ਸਤਿਗੁਰੂ ਬਾਬਾ ਜੀ ਦੇ ਹੱਥਾਂ ਦੀਆਂ ਕਠਪੁਤਲੀਆਂ ਹਾਂ। ਸਾਰੇ ਕੰਮ ਤਾਂ ਸਤਿਗੁਰੂ ਬਾਬਾ ਜੀ ਨੇ ਅਪ ਕੀਤੇ ਹਨ।

★ ਜਦੋਂ ਇਥੇ ਸੇਵਾ ਦਾ ਕੰਮ ਚਲ ਰਿਹਾ ਸੀ, ਆਸ-ਪਾਸ ਦੇ



ਰਾਜਾਂ ਦੀਆਂ ਸੰਗਤਾਂ ਅਤੇ ਸੇਵਾਦਲ ਵਿਚ ਸੇਵਾ ਦਾ ਭਰਪੂਰ ਜ਼ਜ਼ਬਾ ਦੇਖਣ ਨੂੰ ਮਿਲਿਆ।

★ ਸੰਤ ਜਦੋਂ ਸੰਤ ਨਾਲ ਮਿਲਦੇ ਹਨ ਤਾਂ ਰੋਮ-ਰੋਮ ਖਿੜ ਉਠਦੇ ਹਨ।

★ ਬਾਬਾ ਜੀ ਕ੍ਰਿਪਾ ਕਰਨ ਕਿ ਅਸੀਂ ਆਏ ਹੋਏ ਸੰਤਾਂ ਦਾ ਪੂਰਾ ਸਤਿਕਾਰ ਕਰਦੇ ਰਹੀਏ।

★ ਦਿੱਲੀ ਦੀ ਮੁੱਖਮੰਤਰੀ ਸ਼੍ਰੀਮਤੀ ਸ਼ੀਲਾ ਦੀਕਸ਼ਤ ਅਤੇ ਵਿੱਤ ਮੰਤਰੀ ਸ਼੍ਰੀ ਏ.ਕੇ.ਵਾਲੀਆ ਨੇ ਵੀ ਬਹੁਤ ਸਹਿਯੋਗ ਦਿੱਤਾ। ਪੁਲਿਸ ਅਤੇ ਦਿੱਲੀ ਸਰਕਾਰ ਦਾ ਭਰਪੂਰ ਸਹਿਯੋਗ ਮਿਲਿਆ ਹੈ।

★ ਸਤਿਗੁਰੂ ਬਾਬਾ ਜੀ ਸਭ ਨੂੰ ਖੁਸ਼ੀਆਂ ਪ੍ਰਦਾਨ ਕਰਨ।

ਇਸ ਸਮੇ ਸ੍ਰੀ ਪਵਨ ਕੁਮਾਰ ਬੰਸਲ (ਕੇਦਰੀ ਮੰਤਰੀ) ਸਤਿਗੁਰੂ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਪਧਾਰੇ ਹਨ।

ਕੇਦਰੀ ਯੋਜਨਾ ਅਤੇ ਸਲਾਹਕਾਰ ਬੋਰਡ ਦੇ ਵਾਈਸ ਚੇਅਰਮੈਨ ਸ੍ਰੀ ਖੇਮਰਾਜ ਜੀ ਚੱਢਾ ਨੂੰ ਹੁਣ ਆਪਣੇ ਭਾਵ


ਸ੍ਰੀ ਖੇਮਰਾਜ ਚੱਢਾ

ਸ੍ਰੀ ਵੀ. ਡੀ ਨਾਰਪਾਲ

ਪ੍ਰਗਟ ਕਰਨ ਦਾ ਅਵਸਰ ਮਿਲਿਆ ਹੈ। ਲੰਮੇ ਸਮੇ ਦੇ ਤਜ਼ਰਬੇਕਾਰ ਸ੍ਰੀ ਖੇਮਰਾਜ ਜੀ ਚੱਢਾ ਕਹਿ ਰਹੇ ਹਨ ਕਿ ਸੰਤ ਨਿਰੰਕਾਰੀ ਮਿਸ਼ਨ ਦਾ ਪ੍ਰਚਾਰ ਇਕ ਤੋਂ ਦੂਜੇ ਤਕ, ਅੱਗੇ ਤੋਂ ਅੱਗੇ ਫੈਲਿਆ ਹੈ।

ਜੋ ਇਕ ਵਾਰ ਮਿਸ਼ਨ ਦੀਆਂ ਸਿਖਿਆਵਾਂ ਬਾਰੇ ਜਾਣ ਲੈਂਦਾ ਹੈ, ਉਹ ਭਲੀ-ਭਾਂਤ ਮਹਿਸੂਸ ਕਰ ਲੈਂਦਾ ਹੈ ਕਿ ਵਿਸ਼ਵ ਵਿਚ ਹੋ ਰਹੀਆਂ ਸੱਮਸਿਆਵਾਂ ਦਾ ਹੱਲ ਮਿਸ਼ਨ ਦੇ ਉਦੱਾਰ ਵਿਚਾਰਾ ਰਾਹੀਂ ਹੀ ਸੰਭਵ ਹੈ।

ਹੁਣ ਸੰਤ ਸਮਾਗਮ ਦਾ ਅੰਤਿਮ ਦੌਰ ਚਲ ਰਿਹਾ ਹੈ। ਜੰਮੂ ਤੋਂ ਆਏ ਸ੍ਰੀ ਅਰਵਿੰਦ ਜੀ ਆਪਣੇ ਸਾਥੀਆ ਨਾਲ ਜਗਤ ਜੀ ਦਾ ਇਹ ਗੀਤ ਪੇਸ਼ ਕਰ ਰਹੇ ਹਨ –

ਠੋਕਰ ਕੋ ਮਿਟਾਇਆ ਜਾਤਾ ਹੈ,
ਦਿਲ ਦਿਲ ਸੇ ਮਿਲਾਇਆ ਜਾਤਾ ਹੈ।
ਮਾਨਵ ਕੋ ਯਹਾਂ ਮਾਨਵਤਾ ਕਾ
ਪਾਠ ਪੜਾਇਆ ਜਾਤਾ ਹੈ,
ਯਹਾਂ ਪਿਆਰ-ਪਿਆਰ-ਪਿਆਰ ਸਿਖਾਇਆ ਜਾਤਾ ਹੈ।

ਹੁਣ ਮਾਇਕ ਸਤਿਗੁਰੂ ਬਾਬਾ ਜੀ ਦੇ ਸਾਹਮਣੇ ਰੱਖਿਆ ਜਾ ਚੁੱਕਿਆ ਹੈ। ਪੰਡਾਲ ਵਿਚ ਪੂਰਣ ਸ਼ਾਂਤੀ ਦਾ ਮਾਹੌਲ ਹੈ। ਮੀਂਹ ਪੈਣ ਕਾਰਣ ਵਾਤਾਵਰਣ ਵਿਚ ਵੀ ਠੰਡਕ ਹੈ।

ਦੂਰ-ਦੂਰ ਤਕ ਫੈਲੇ ਸੰਤ ਸਮਾਗਮ ਮੈਦਾਨ ਵਿਚ ਮੌਜੂਦ ਸੰਗਤਾਂ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਕਹਿ ਰਹੇ ਹਨ –

★ ਪਿਛਲੇ ਤਿੰਨ ਦਿਨਾਂ ਤੋਂ ਇਨ੍ਹਾਂ ਮੈਦਾਨਾਂ ਵਿਚ ਸ਼ਰਧਾ,

ਮੇਘਾ ਚੱਢਾ

ਆਰਤੀ ਨੇਹੂ

ਅੰਜੂ ਆਹੂਜਾ

ਸੁਨੀਲ ਭੰਡਾਰੀ

ਪ੍ਰੇਮ ਅਤੇ ਵਿਸ਼ਵਾਸ ਦਾ ਅਥਾਹ ਸਾਗਰ ਦੇਖਣ ਨੂੰ ਮਿਲਿਆ ਹੈ।

★ ਆਪ ਮਹਾਤਮਾ ਭਗਤੀ ਅਤੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ, ਪਰਉਪਕਾਰ ਲਈ ਅਨੇਕਾਂ ਮਜ਼ਬੂਰੀਆਂ ਨੂੰ ਦਰ-ਕਿਨਾਰ (ਓਹਲੇ) ਕਰਕੇ ਆਏ ਹੋ।

★ ਮਨ ਵਿਚ ਗਿਆਨ ਦੀ ਜੋਤੀ ਜਗੀ ਰਹੇ ਤਾਂਕਿ ਹਰ ਕਿਧਰੇ ਉਜਿਆਰਾ ਮਹਿਸੂਸ ਹੁੰਦਾ ਰਹੇ।

★ ਜਦੋਂ ਭਰਮ ਮਿਟਦੇ ਹਨ ਤਦ ਬੰਧਨਾਂ ਤੋਂ ਛੁਟਕਾਰਾ ਮਿਲਦਾ ਹੈ।

★ ਸੰਸਾਰ ਦੇ ਦੁਰ-ਪ੍ਰਭਾਵਾਂ ਤੋਂ ਬਚਣ ਲਈ ਇਥੇ ਸੇਵਾ-ਸਿਮਰਨ-ਸਤਿਸੰਗ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ।

★ ਸਾਰੇ ਸੁੰਦਰ ਜੀਵਨ ਜੀਣ ਤਾਂਕਿ ਇਸ ਧਰਤੀ ਦੇ ਲਈ ਵਰਦਾਨ ਬਣਨ, ਅਭਿਸ਼ਾਪ ਨਹੀਂ।

★ ਸੰਤ ਖੁਦ ਵੀ ਜਾਗ੍ਰਿਤ ਰਹਿਣ, ਹੋਰਾਂ ਨੂੰ ਵੀ ਜਾਗ੍ਰਤੀ ਪ੍ਰਦਾਨ ਕਰਦੇ ਰਹਿਣ।

★ ਵਿਸ਼ਵ, ਦੇਸ਼, ਸਮਾਜ, ਘਰ-ਪਰਿਵਾਰ ਦਾ ਵਾਤਾਵਰਣ ਸੁੰਦਰ ਹੋਵੇ। ਭਰਮ-ਭੁਲੇਖੇ ਦੂਰ ਕਰਕੇ ਸਹਿਜ ਜੀਵਨ ਜੀਵੀਏ।

ਮੀਂਹ ਪੈਣ ਤੇ ਬਾਬਾ ਜੀ ਨੇ ਕਿਹਾ ਕਿ—

★ ਭਗਤ ਤਾਂ ਭਗਤੀ ਦਾ ਅਨੰਦ ਲੈਂਦੇ ਰਹਿਣਾ ਚਾਹੁੰਦੇ ਹਨ ਪਰ ਇੰਦਰ ਦੇਵਤਾ ਕੁਝ ਹੋਰ ਹੀ ਚਾਹ ਰਹੇ ਹਨ।

★ ਇਥੋਂ ਵਾਪਿਸ ਜਾ ਕੇ ਪਿੰਡਾਂ, ਕਸਬਿਆਂ ਵਿਚ ਮਿਸ਼ਨ ਦੇ ਸੰਦੇਸ਼ ਨੂੰ ਦੇਂਦੇ ਰਹਿਣਾ ਹੈ।

(ਸਤਿਗੁਰੂਦੇਵ ਦੇ ਪੂਰੇ ਪ੍ਰਵਚਨ ਅਗਲੇ ਅੰਕ ਵਿਚ ਪੜ੍ਹੋ)

ਗਿਆਰ੍ਹਾਂ ਵਜ ਕੇ ਸੱਤ ਮਿੰਟ ਹੋ ਚੁੱਕੇ ਹਨ। ਬਾਹਰ ਮੀਂਹ ਪੈ ਰਿਹਾ ਹੈ। ਰਹਿਮਤ ਦੀ ਅਨੰਦਦਾਇਕ ਬਰਸਾਤ ਜੋ ਇਥੇ ਮਹਿਸੂਸ ਕੀਤੀ ਹੈ, ਇਸ ਅਨੁਭਵ ਦੇ ਨਾਲ ਮਹਾਤਮਾ ਅਪਣੇ-ਅਪਣੇ ਟੈਂਟਾ ਅਤੇ ਘਰਾਂ ਵਲ ਵਾਪਿਸ ਹੋ ਰਹੇ ਹਨ।

ਆਓ ਅਸੀ ਵੀ ਚੱਲੀਏ। ਦਾਤਾਰ ਕ੍ਰਿਪਾ ਕਰੇ ਕਿ ਅਗਲੇ ਸੰਤ ਸਮਾਗਮ ਵਿਚ ਫਿਰ ਮੁਲਾਕਾਤ ਹੋਵੇ।

ਧੰਨ ਨਿਰੰਕਾਰ ਜੀ। ◆

● ਮੂਲ ਹਿੰਦੀ ਲੇਖਨ ਸਹਿਯੋਗੀ : ਹਰਜੀਤ ਨਿਸ਼ਾਦ, ਮੀਰਾਮ ਪ੍ਰਜਾਪਤੀ



ਦਿੱਲੀ, 17 ਨਵੰਬਰ। ਤਿੰਨ ਦਿਵਸੀ 62ਵੇਂ ਨਿਰੰਕਾਰੀ ਸੰਤ ਸਮਾਗਮ ਦੇ ਰਸਮੀਤੌਰ ਤੇ ਸੰਪੰਨ ਹੋਣ ਤੇ ਅੱਜ ਸ਼ਾਮ **'ਭਗਤੀਪੁਰਣ ਗੁਰੂਵੰਦਨਾ'** ਸਮਾਰੋਹ ਆਯੋਜਿਤ ਕੀਤਾ ਗਿਆ। ਦੇਸ਼ ਦੇ ਵਿਭਿੰਨ ਪ੍ਰਾਂਤਾਂ ਤੋਂ ਆਏ ਭਗਤ-ਮਹਾਪੁਰਖਾਂ ਨੇ ਆਪਣੀ-ਆਪਣੀ ਪੇਸ਼ਕਸ਼

ਭਾਸ਼ਾ ਅਤੇ ਪਹਿਰਾਵੇ ਵਿੱਚ ਮਨਮੋਹਕ ਪ੍ਰੋਗਰਾਮ ਪੇਸ਼ ਕਰਨੇ ਦਰਸ਼ਕਾਂ ਨੂੰ ਅਨੰਦਿਤ ਕਰ ਦਿਤਾ। ਕਲਾ ਅਤੇ ਸੰਗੀਤ ਦੀ ਮਨ ਮਨਮੋਹਕ ਝਲਕ ਵੇਖਦੇ ਹੀ ਬਣਦੀ ਸੀ।

ਸਮਾਰੋਹ ਦਾ ਸ਼ੁਭ ਆਰੰਭ ਦੈਵੀ ਸਖਸ਼ੀਅਤਾਂ ਦੇ ਮੰਚ ਤੇ ਬਿਰਾਜਮਾਨ ਹੁੰਦੇ ਹੀ ਹੋ ਗਿਆ। ਪਹਿਲੀ ਪੇਸ਼ਕਸ਼ ਸੰਤ ਨਿਰੰਕਾਰੀ ਕਲੋਨੀ, ਦਿੱਲੀ ਦੇ ਬੱਚਿਆਂ ਦੀ ਰਹੀ। ਗੁਰੂ ਵੰਦਨਾ ਗੀਤ -

ਵੰਦਨਾ-ਵੰਦਨਾ-ਵੰਦਨਾ
ਗੁਰੂ ਵੰਦਨਾ ਆਉ ਕਰੋ,
ਚਰਨੋ ਪਰ ਸ਼ੀਸ਼ ਧਰੋ।
ਕਿਆ ਧਰਤੀ ਔਰ ਕਿਆ ਆਕਾਸ਼,
ਚਲ ਅਚਲ ਸਭ ਮਿਲਕਰ ਸਾਥ,
ਤਿਤਲੀਆਂ ਪੰਛੀ ਫੂਲ ਔਰ ਪਾਤੀ,
ਤੇਰੇ ਹੁਕੁਮ ਮੈਂ ਸਭ ਦਿਨ ਰਾਤੀ,
ਕਰਤੇ ਮਿਲਕੇ ਸਭ ਵੰਦਨ।

ਤੇ ਸਤਿਗੁਰ ਵੰਦਨਾ ਦਾ ਸੁੰਦਰ ਦ੍ਰਿਸ਼ ਪੇਸ਼ ਕੀਤਾ।

ਇਸਦੇ ਬਾਦ ਸਰਹਿੰਦ (ਪੰਜਾਬ) ਦੇ ਕਲਾਕਾਰਾ ਨੇ **ਪ੍ਰੀਤਾਂ ਦੇ ਵਣਜਾਰੇ** ਵਿੱਚ ਪੰਜਾਬ ਦੀ ਪਰੰਪਰਿਕ ਲੋਕ ਸੰਸਕ੍ਰਿਤੀ ਦੇ ਦਰਸ਼ਨ ਕਰਾਉਂਦੇ ਹੋਏ ਇਸ ਧਰਤੀ ਤੇ ਆਪਣੀ ਕਲਾ ਦਾ ਪ੍ਰਗਟਾਵਾ ਗਿੱਧੇ ਦੇ ਮਾਧਿਅਮ ਰਾਹੀ ਕੀਤਾ -

ਪ੍ਰੀਤਾਂ ਦੇ ਵਣਜਾਰੇ ਆਏ -2
ਜਾਤ-ਪਤਾ ਦਾ ਭੇਦ ਮਿਟਾਕੇ
ਸਭਨੂੰ ਗਲੇ ਲਗਾਨੇ ਆਏ।

ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਤੋਂ ਆਏ ਕਲਾਕਾਰਾ ਨੇ ਉੜੀਆ ਭਾਸ਼ਾ ਅਤੇ ਖੇਤਰੀ ਪੋਸ਼ਾਕ ਵਿੱਚ ਉੜੀਆ ਲੋਕ ਸੰਸਕ੍ਰਿਤੀ ਅਤੇ ਕਲਾ ਦਾ ਸੁੰਦਰ ਤਾਲਮੇਲ ਉਜਾਗਰ ਕੀਤਾ।

ਬਾਰਬਾਂ ਨਾਟਕ ਯੋਗਯਾ ਦੇ ਜਥਿਆ ਰਾਹੀ ਤਲਵੰਡੀ ਭਾਈ (ਪੰਜਾਬ) ਦੇ ਕਲਾਕਾਰ ਨੇ ਬਾਰਾ ਦਾ ਦ੍ਰਿਸ਼ ਮੰਚਿਤ ਕਰਕੇ ਇਹ ਬਾਤ ਪ੍ਰਗਟ ਕੀਤੇ ਕਿ

ਜਦ-ਜਦ ਇਹ ਧਰਤੀ ਤੇ ਆਏ,
ਫੁੱਲਾਂ, ਕਲੀਆਂ ਨੂੰ ਮਹਿਕਾਏ।

ਅਤੇ

ਦਿਨ ਮਹੀਨੇ ਸਾਲ ਮੇਰੀ ਜ਼ਿੰਦਗੀ ਦੇ,
ਬੀਤੇ ਤੇਰੇ ਨਾਲ ਮੇਰੀ ਜ਼ਿੰਦਗੀ ਦੇ।

ਇਸ ਵਿੱਚ ਭਗਤੀ ਅਤੇ ਵਿਆਹ ਦਾ ਸੁੰਦਰ ਭਾਗ ਸਾਕਾਰ ਕਲਨ ਦੀ ਸਾਹਤ ਦਰਸਾਈ ਗਈ।

ਗੁਆਂਢੀ ਦੇਸ਼ ਨੇਪਾਲ ਦੇ ਟੀਕਪੁਰ ਸਥਿਤ ਸੰਤ ਨਿਰੰਕਾਰੀ ਆਦਰਸ਼ ਵਿਦਿਆ ਮੰਦਿਰ, ਮਿਡਲ ਸਕੂਲ ਦੇ ਕਲਾਕਾਰਾਂ ਨੇ ਨੇਪਾਲੀ ਭਾਸ਼ਾ ਵਿੱਚ ਵੰਦਨਾ ਗੀਤ ਤੇ ਨੇਪਾਲੀ ਲੋਕ ਨਾਚ ਪੇਸ਼

ਕੀਤਾ। ਮਦਰਿ ਮਾਨਮਾ (ਪੰਜਾਬ) ਦੇ ਭਗਤਾਂ ਨੇ **'ਹਨ੍ਹੇਰੇ ਤੋਂ ਸਵੇਰੇ ਵੱਲ'** (ਅੰਧਕਾਰ ਸੇ ਪ੍ਰਕਾਸ਼ ਕੀ ਓਰ) ਨਾਟਕ ਪੇਸ਼ ਕਰਕੇ ਸਮਾਜਿਕ ਕੁਰੀਤੀਆਂ ਤੇ ਕਟਾਖ ਕੀਤਾ। ਇਹ ਸੰਦੇਸ਼ ਦਿਤਾ ਕਿ ਸਤਿਗੁਰੂ ਨੇ ਬ੍ਰਹਮਗਿਆਨ ਪ੍ਰਦਾਨ ਕਰਕੇ ਮਾਨਵ ਜੀਵਨ ਨੂੰ ਸੰਵਾਰ ਦਿੱਤਾ ਹੈ।

ਪੱਛਮੀ ਬੰਗਾਲ ਦੇ ਦੁਰਗਾਪੁਰ ਤੋ ਆਈਆਂ ਭੈਣਾ ਨੇ ਹਿੰਦੀ ਵਿੱਚ ਗੁਰੂਵੰਦਨਾ ਗੀਤ

ਵੰਦਨਾ-ਵੰਦਨਾ-ਵੰਦਨਾ
ਕਰਤੇ ਹੈਂ ਹਮ ਵੰਦਨਾ...

ਤੇ ਸੰਦਰ ਪੇਸ਼ਕਸ਼ ਦਿੱਤੀ। ਯਮੁਨਾ ਨਗਰ (ਹਰਿਆਣਾ) ਦਾ ਨ੍ਰਿਤ ਨਾਟਕ ਵੀ ਸਰਾਹਿਆ ਗਿਆ। ਹਰਿਆਣਵੀ ਪਹਿਰਾਵੇ ਵਿੱਚ ਸਜੇ ਭਗਤਾਂ ਨੇ ਇਹ ਭਾਵ ਪ੍ਰਗਟ ਕੀਤੇ-

ਪ੍ਰੀਤ ਨਿਮਰਤਾ ਸਹਿਨਸ਼ੀਲਤਾ ਸਤਿਗੁਰੂ ਪਾਠ ਪੜਾਇਆ।
ਇਨ ਗੁਣੋਂ ਸੰਗ ਔਰ ਗੁਣੋਂ ਨੇ ਭਗਤੀ ਹਾਰ ਸਜਾਇਆ।

ਉਤਰਾਖੰਡ ਦੇ ਪ੍ਰਸਿੱਧ ਸੈਰਗਾਹ ਸਥਾਨ ਮੰਸੂਰੀ ਤੋਂ ਆਏ ਕਲਾਕਾਰਾ ਨੇ ਗੜਵਾਲੀ ਭਾਸ਼ਾ ਅਤੇ ਲੋਕ ਸੰਸਕ੍ਰਿਤੀ ਵਿੱਚ **'ਗੁਰੂ ਮਹਿਮਾ'** ਨੂੰ ਪਰੰਪਰਿਕ ਸਾਜ-ਬੰਤਰਾਂ ਨਾਲ ਦਰਸਾਇਆ। ਹੁਣ ਵਾਰੀ ਆਈ ਕਰਨਾਟਕ ਦੀ ਰਾਜਧਾਨੀ ਬੰਗਲੂਰ ਤੋਂ ਆਏ ਕਲਾਕਾਰ ਦੀ, ਜਿਨਾਂ ਨੇ ਕੰਨੜ ਭਾਸ਼ਾ ਵਿੱਚ ਕੰਨੜ ਲੋਕ ਸੰਸਕ੍ਰਿਤੀ ਨੂੰ ਉਜਾਗਰ ਕਰਦੇ ਹੋਏ ਲੋਕ ਨਾਚ ਪੇਸ਼ ਕਰਦੇ ਗੁਰੂ ਮਹਿਮਾ ਗਾਈ।

ਮੁਮੰਈ (ਮਹਾਰਾਸ਼ਟਰ) ਦੀ **'ਭੂਲ ਭੁਲਈਆ'** ਹਾਸਿ ਨਾਟਕ ਪੇਸ਼ਕਸ਼ ਨੇ ਹਾਸੇ ਦੇ ਰੰਗ ਭਰਦੇ ਹੋਏ ਇਹ ਸੰਦੇਸ਼ ਦਿਤਾ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੇ ਵਿਕਾਰ ਦੇ ਵਸ ਹੋਈ ਹੁੰਦਾ ਹੈ ਜੋ ਪ੍ਰਭੂ ਨੂੰ ਭੁਲ ਜਾਂਦਾ ਹੈ। ਇਹ ਵਿਕਾਰ ਇਨਸਾਨ ਨੂੰ ਨਿਮਾਨਿਨ ਕਰ ਦੇਂਦੇ ਹਨ।

ਲੁਧਿਆਨਾ (ਪੰਜਾਬ) ਦੀ **'ਚੂਹਾ ਦਾ ਰਾਜਾ'** ਵਿੱਚ ਸਤਿਗੁਰੂ ਦੇ ਸ੍ਰੀ ਚਰਨਾਂ ਨਾਲ ਜੁੜਨ ਦੀ ਪ੍ਰੇਰਣਾ ਦਿਤੀ।

ਕਮਲ-ਕਮਲ ਕੋਟਿ ਵੰਦਨ
ਕਰਨਾ ਪ੍ਰਭੂ ਸਵੀਕਾਰ ਤੂੰ।

ਇਹ ਗੀਤ ਵੀ ਪੇਸ਼ ਕੀਤਾ।

ਤੇਲੁਗੂ ਭਾਸ਼ਾ ਵਿੱਚ ਆਂਧਰ ਪ੍ਰਦੇਸ਼ ਦੀ ਪਰੰਪਰਿਕ ਲੋਕ ਸੰਸਕ੍ਰਿਤੀ ਦੇ ਦਰਸ਼ਨ ਕਰਵਾਏ ਆਂਧਰ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਤੋਂ ਆਏ ਕਲਾਕਾਰ ਨੇ, ਦੱਖਣ ਭਾਰਤੀ ਪਹਿਰਾਵੇ ਵਿੱਚ ਮਨਮੋਹਕ ਲੋਕ ਨਾਚ ਪੇਸ਼ ਕੀਤਾ।

ਅੰਮ੍ਰਿਤਸਰ (ਪੰਜਾਬ) ਦੇ ਕਲਾਕਾਰ ਲੈ ਕੇ ਆਏ **'ਹੀਰ-ਰਾਂਝਾ'** ਨਾਟਕ,

ਜਿਸ ਵਿੱਚ ਇਹ ਭਾਵ ਦਰਸਾਇਆ ਗਿਆ ਕਿ ਭਗਤਾਰ ਵਿੱਚ ਭਟਕਦੀ ਆਤਮਾ ਨੂੰ ਸਦਾ ਪ੍ਰਮਾਤਮਾ ਮਿਲ ਜਾਂਦਾ ਹੈ ਉਹੀ ਖੁਸ਼ੀ ਪ੍ਰਾਪਤ ਹੁੰਦੀ ਹੈ ਜੋ ਮੀਤ ਨੂੰ ਲੰਬੇ ਦੇ ਮਿਲਣ ਤੇ ਹੁੰਦੀ ਹੈ। ਅਰਥਾਤ ਰੂਹ ਦਾ ਮਿਲਨ ਪ੍ਰਮਾਤਮਾ ਨਾਲ ਹੁੰਦਾ ਹੈ ਤਾਂ ਰੂਹ ਨੱਚ ਉਠਦੀ ਹੈ।

ਹੁਣ ਸਾਰਾ ਜੀ **ਸਤਿਗੁਰੂ ਵੰਦਨਾ ਦਾ,** ਦੇਵੀ ਸਾਧਸੰਗਤਾ ਦੇ ਸੁਆਗਤ ਦਾ। ਸਤਿਗੁਰੂਦੇਵ ਦਾ ਸ੍ਰੀ ਜੀ.ਐਸ. ਰਾਘਵੀ ਜੀ ਮੰਤਰ, ਵੇਦਨੀ ਅੰਜਨਾ ਅਤੇ ਸੋਹਣੇ), ਪੂਜਯ ਨਿਰੰਕਾਰੀ ਦਾ ਸ੍ਰੀ ਅਮਰੀਕ ਸਿੰਘ ਜੀ ਸੀ.ਐਸ.ਟੀ.ਓ. ਸੰਤੋਸ਼ੇ) ਅਤੇ ਜੀ ਦਾ ਸ੍ਰੀ ਅੰਦ. ਐਸ. ਕੋਹਲੀ

ਹਰਦੇਵ ਜੀ (ਸੀਨੀਅਰ ਸਲਾਹਕਾਰ, ਹਜਮਾਤਾ ਜੀ (ਸਰਵੱਤਰ, ਪੂਜਯ ਮਾਤਾ ਜੀ (ਉਪ - ਮੰਤਰਾਲਯ, ਪ੍ਰਸਾਸ਼ਨ, ਮੈਂਬਰ) ਨੇ ਸਵਾਗਤ ਕੀਤਾ। ਸਤਿਗੁਰੂ ਮਾਤਾ ਜੀ, ਨਿਰੰਕਾਰੀ ਰਾਜਮਾਤਾ ਜੀ ਅਤੇ ਪੂਜਯ ਮਾਤਾ ਜੀ ਨੂੰ ਲੜੀਵਾਰ ਬੈਜ ਸਦਿਕਸਾ ਜੀ, ਬੈਜ ਨਿਰੰਜਣ ਜੀ ਅਤੇ ਬੈਜ ਰੋਹਨਾ ਜੀ ਨੇ ਕਲਗੀ ਲਗਾਈ।

ਇਹ ਅਲੌਕਿਕ ਦ੍ਰਿਸ਼ ਨੂੰ ਸੁਆਗਤੀ ਗੀਤ ਦੇ ਮਾਧਿਅਮ ਨਾਲ ਦਿੱਲੀ ਦੇ ਗੀਤਕਾਰ ਕਲਾਕਾਰਾਂ ਜਦਰਨ-ਬਲਦੇਵ-ਮਨਮੋਹਣ ਨੇ ਇਨ੍ਹਾਂ ਸਬਦਾਂ ਨਾਲ ਬਿਆਂ ਕੀਤਾ –

ਸੋਹਣੇ ਯਾਰ ਦਾ ਇਲਾਹੀ ਮੁਖੜਾ,
ਤਕਿਆ ਕਮਾਠ ਹੋ ਗਿਆ।
ਰੱਬ ਪੂਰੀ ਕੀਤੀ ਦਿਲ ਦੀ ਦੁਆ,
ਗਾਂਡੇ ਦਾ ਦੀਦਾਰ ਹੋ ਗਿਆ।

ਇਸ ਮੌਕੇ ਤੇ ਨਿਰੰਕਾਰੀ ਰਾਜਮਾਤਾ ਜੀ ਨੇ ਵੀ ਗੀਤ ਦੇ ਮਾਧਿਅਮ ਰਾਹੀ ਆਪਣਾ ਆਸ਼ੀਰਵਾਦ ਪ੍ਰਦਾਨ ਕੀਤਾ।

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਇਸ ਮੌਕੇ ਤੇ ਆਪਣੇ ਦੈਵੀ-ਪ੍ਰਵਚਨਾਂ ਵਿੱਚ ਫਰਮਾਇਆ ਕਿ –

★ **ਹਰ ਛਿਨ, ਹਰ ਪਲ ਵਿੱਚ ਹਰ ਪਹਿਲੂ ਅਨੰਦਮਈ ਰਿਹਾ ਹੈ।**

★ Grsh Gkt Bkb Gog{o, gq/w dk Gkt bJ/ jJ/ nkg ;zsiB nkgDh gqhs ~ gqrN eo o/ j'.

★ **ਤਪ-ਤਿਆਗ ਦੀ ਭਾਵਨਾ ਨਾਲ ਮਾਨਵਤਾ ਨੂੰ ਮਜ਼ਬੂਤੀ ਦੇ**

ਰਹੇ ਹਨ, ਜਿਸ ਨਾਲ ਇਹ ਸਵਰਗੀ ਨਜ਼ਾਰਾ ਬਣਿਆ ਹੈ।

★ ਭਗਤ-ਕਲਾਕਾਰਾਂ ਨੇ ਕਲਾ ਦੇ ਮਾਧਿਅਮ ਨਾਲ ਸੁੰਦਰ ਢੰਗ ਨਾਲ ਭਗਤੀ-ਭਾਵਨਾ ਨੂੰ ਉਜਾਗਰ ਕੀਤਾ ਹੈ।

★ ਇਹ ਸੁੰਦਰ ਰੂਪ ਜੋ ਤਨ-ਮਨ ਨੂੰ ਖੁਸ਼ੀ ਪ੍ਰਦਾਨ ਕਰ ਰਿਹਾ ਹੈ। ਅਜਿਹੀ ਖੁਸ਼ੀ ਕਰੋੜਾਂ ਰੁਪਿਆਂ ਨਾਲ ਵੀ ਪ੍ਰਾਪਤ ਨਹੀ ਕੀਤੀ ਜਾ ਸਕਦੀ।

★ ਮੰਚ ਵਿੱਚ ਭਿੱਜ ਰਹੇ ਹਨ ਖੁਸ਼ੀ ਅਤੇ ਆਨੰਦ ਦਾ ਅਹਿਸਾਸ ਕਰ ਰਹੇ ਹਨ। ਅਜਿਹੀ ਖੁਸ਼ੀ ਸੰਸਾਰ ਵਿੱਚ ਨਹੀ ਹੈ ਅਤੇ ਨਾ ਹੀ ਦੁਨਿਆਵੀ ਪ੍ਰਾਪਤੀਆਂ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਰੇ ਹਿਰਦੇ ਵਿੱਚ ਪਿਆਰ ਵਸਾਉਣ ਅਤੇ ਵਿਸ਼ਾਲਤਾ ਤੇ ਸਹਿਨਸ਼ੀਲਤਾ ਨੂੰ ਮਜ਼ਬੂਤੀ ਪ੍ਰਦਾਨ ਕਰਨ।

★ ਮਿਸ਼ਨ ਨੂੰ ਜਿਥੇ ਬਾਬਾ ਬੂਟਾ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ ਅਤੇ ਬਾਬਾ ਗੁਰਬਚਨ ਸਿੰਘ ਜੀ ਨੇ ਤਪ-ਤਿਆਗ ਨਾਲ ਦ੍ਰਿੜ ਆਧਾਰ ਪ੍ਰਦਾਨ ਕੀਤਾ ਹੈ ਉਥੇ ਅਨੇਕਾਂ ਕੁਰਬਾਨੀਆਂ ਵੀ ਦਿੱਤੀਆਂ ਗਈਆਂ ਹਨ, ਉਹਨਾਂ ਦੀ ਕਦਰ ਕਰੀਏ।

★ ਤਪਸਵੀ ਮਹਾਤਮਾਵਾਂ ਦੀਆਂ ਕੁਰਬਾਨੀਆਂ ਬਦੌਲਤ ਹੀ ਅੱਜ ਅਸੀ ਇਹ ਨਜ਼ਾਰਾ ਦੇਖ ਰਹੇ ਹਾਂ।

★ ਭਗਤ, ਜਿਥੋਂ-ਜਿਥੋਂ ਆਏ ਹਨ, ਉਥੇ ਗੁਰਮੱਤ ਦੀ ਭਾਵਨਾ ਮਜ਼ਬੂਤ ਦੇਖਣ ਨੂੰ ਮਿਲੇ।

★ ਮਾਨਵਤਾ ਦੀ ਰਾਹ ਤੇ ਚਲਦੇ ਹੋਏ, ਸਤਿ ਦੀ ਰੋਸ਼ਨੀ ਸਥਾਪਿਤ ਕਰੀਏ ਅਤੇ ਫਲਿਆਣਕਾਰੀ ਪਹਿਲੂਆਂ ਨੂੰ ਮਜ਼ਬੂਤੀ ਦੇਂਦੇ ਜਾਈਏ।

ਇਸ ਸਾਲ ਗੁਰੂਵੰਦਨਾ ਸਮਾਰੋਹ ਨੂੰ ਨਵਾਂ ਸਵਰੂਪ ਦਿਤਾ ਗਿਆ। ਸਮਾਰੋਹ ਦੇ ਆਰੰਭ ਵਿੱਚ ਸ੍ਰੀ ਸੁਲੇਮ 'ਸਾਥੀ' (ਕੋ-ਆਰਡੀਨੇਟਰ ਪ੍ਰੋਗਰਾਮ ਕਮੇਟੀ) ਨੇ ਨਵੇਂ ਰੂਪ ਦੀ ਜਾਣਕਾਰੀ ਦਿਤੀ। ਇਸ ਤਰ੍ਹਾਂ ਨੌਜਵਾਨ ਸ੍ਰੀ

ਸਤਿਗੁਰੂ ਪ੍ਰਵਚਨ

ਸੇਵਾਦਲ ਰੈਲੀ - 15 ਨਵੰਬਰ 2009

ਸੇਵਾ ਫ਼ਖਰ ਦੀ ਗੱਲ ਹੈ,
ਸ਼ਰਮ ਦੀ ਨਹੀਂ
- ਨਿਰੰਕਾਰੀ ਬਾਬਾ ਜੀ

ਸਾਧਸੰਗਤ, ਇਸ ਮਹਾਂਵਾਕ ਦੇ ਅਵਤਾਰ ਤੇ ਜੋ ਕਿ ਕਲ ਸ਼ੁਰੂ ਹੋਇਆ ਇਸ ਵਿਚ ਅੱਜ ਹਮੇਸ਼ਾ ਦੀ ਤਰ੍ਹਾਂ ਸੇਵਾਦਲ ਰੈਲੀ ਦਾ ਆਯੋਜਨ ਹੋਇਆ ਹੈ, ਜਿਥੇ ਸਾਰਾ ਸਾਲ ਸੇਵਾਦਲ ਦੇ ਅਧਿਕਾਰੀ ਅਤੇ ਨੌਜਵਾਨ ਸ਼ਰਧਾਪੂਰਵਕ ਸੇਵਾ ਨਿਭਾਉਂਦੇ ਹਨ, ਉਥੇ ਰੈਲੀ ਦੇ ਰੂਪ ਵਿਚ ਇਹ ਜਿਵੇ ਆਪਣੇ ਆਪਨੂੰ ਪੇਸ਼ ਕਰਦੇ ਹਨ, ਉਥੇ ਕੁਝ ਕਲਾ ਦਾ ਸਹਾਰਾ ਲੈ ਕੇ ਸੇਵਾ ਅਤੇ ਉਪਕਾਰ ਦੇ ਮਹੱਤਵ ਤੇ ਰੋਸ਼ਨੀ ਪਾਈ ਜਾਂਦੀ ਹੈ ਜਾਂਕਿ ਇਹ ਪਹਿਲੂ ਹਮੇਸ਼ਾ ਸਾਡੇ ਜੀਵਨ ਵਿਚ ਮਜ਼ਬੂਤ ਰਹੇ।

ਪ੍ਰੰਤੂਕਾ ਸਮਾਗਮਾਂ ਵਿਚ ਵੀ ਅਜਿਹਾ ਰੂਪ ਬਣਦਾ ਹੈ ਅਤੇ ਇਸੇ ਤਰ੍ਹਾਂ ਦੇਸ਼ ਜਾਂ ਵਿਸ਼ਵ ਦੇ ਕਿਸੇ ਮੁਲਕ ਵਿਚ ਵੀ, ਜਿਥੇ ਜਿਥੇ ਸੰਗਤਾਂ ਕਾਇਮ ਹਨ, ਸੇਵਾਦਲ ਵੀ ਹੈ। ਜਦੋਂ ਇਥੇ ਨਿਸ਼ਕਾਮ ਭਾਵ ਨਾਲ ਸੇਵਾਦਾਰ ਸਮਰਪਿਤ ਕੀਤੀਆਂ ਜਾਂਦੀਆਂ ਹਨ, ਦਰਦੀਆਂ ਪਾ ਕੇ, ਅਨੁਸ਼ਾਸਨ ਵਿਚ ਰਹਿ ਕੇ, ਇਸੀ ਤਰ੍ਹਾਂ ਵਿਸ਼ਵ ਦੇ ਅਲੱਗ ਮੁਲਕਾਂ ਵਿਚ ਸੇਵਾਦਲ ਦਾ ਜੋ ਰੂਪ ਹੈ, ਉਥੇ ਵੀ ਵਰਦੀਆਂ ਪਾ ਕੇ ਇਹ ਜਿਥੇ ਸੰਗਤਾਂ ਦੀ ਸੇਵਾ ਕਰਦੇ ਹਨ ਉਥੇ ਸਮਾਜ ਦੀ ਸੇਵਾ ਵਿਚ ਵੀ ਅਪਣਾ ਯੋਗਦਾਨ ਦੇਂਦੇ ਹਨ।

ਜਦ ਕਦੇ ਵੀ ਅਜਿਹੀ ਜ਼ਰੂਰਤ ਪਈ ਹੈ ਜਿਸਨੂੰ ਅਸੀਂ Natural Calamity (ਕੁਦਰਤੀ ਆਫ਼ਤ) ਦੇ ਰੂਪ ਵਿਚ ਕਹਿੰਦੇ ਹਨ ਤਾਂ ਉਸ ਵਿਚ ਵੀ ਮਿਸ਼ਨ ਵੱਲੋਂ, ਸੇਵਾਦਲ ਰਾਹੀਂ ਵੱਧ-ਚੜ੍ਹ ਕੇ ਯੋਗਦਾਨ ਦਿੱਤਾ ਜਾਂਦਾ ਹੈ। ਹਾਲਾਂਕਿ ਸੰਗਤਾਂ ਵੀ ਸ਼ਾਮਿਲ ਹੁੰਦੀਆਂ ਹਨ ਲੇਕਿਨ ਜੋ ਇਹ ਸੇਵਾਦਲ ਦਾ ਰੂਪ ਹੈ, ਜਾਂ ਇਨ੍ਹਾਂ ਨੂੰ Activate ਕਰਨ ਵਿਚ ਆਸਾਨੀ ਹੋ ਜਾਂਦੀ ਹੈ ਕਿਉਂਕਿ ਅਜਿਹੀ ਪ੍ਰਣਾਲੀ ਬਣੀ ਹੋਈ ਹੈ। ਇਹ ਇਕ ਢਾਂਚੇ ਵਿਚ, ਜਿਸ ਵਿਚ ਜਹਾ ਜਿੰਨਾ ਇਸਾਰਾ ਆਉਂਦਾ ਹੈ ਤਾਂ ਇਹ ਪੀੜਿਤ ਲੋਕਾਂ ਨੂੰ ਬਚਾਉਣ ਵਿਚ ਤੁਰਤ ਸ਼ਾਮਿਲ ਹੋ ਜਾਂਦੇ ਹਨ। ਵਾਕਈ ਮਿਸ਼ਨ

ਦਾ ਮੰਤਵ ਵੀ ਇਹੀ ਹੈ ਕਿ ਮਾਰਾ ਸ਼ਰੀਰ ਅਖਾੜਾ ਹੈ ਅਤੇ ਯਥਾਯੋਗ ਹਰ ਤਰ੍ਹਾਂ ਨਾਲ ਅਸੀ ਜਿੰਨੀ ਦੀ ਰਾਹਤ ਦੇ ਸਕਦੇ ਹਾ, ਜਿੰਨਾ ਵੀ ਸਕੂਨ ਦੇ ਸਕਦੇ ਹਾ, ਕਿਸੇ ਦੀ ਪੀੜਾ ਹਰ ਸਕਦੇ ਹਾ, ਕਿਸੇ ਨੂੰ ਉਭਾਰ ਸਕਦੇ ਹਾਂ ਤਾ ਉਸ ਵਿਚ ਯੋਗਦਾਨ ਭੋਟਾਂ ਦੇ ਹਾਰੀ ਦੀ ਦਿੱਤਾ ਜਾ ਰਿਹਾ ਹੈ, ਨੌਜਵਾਨਾਂ ਰਾਹੀਂ ਜੀ ਦਿੱਤਾ ਜਾ ਰਿਹਾ ਹੈ ਅਤੇ ਬੱਚਿਆਂ ਵਿਚ ਵੀ ਛੋਟੀ ਉਮਰ ਤੋ ਹੀ ਜੋ ਮਜਬੂ ਭਰੇ ਜਾ ਰਹੇ ਹਨ ਤਾ ਇਹ ਵੀ ਸੇਵਾਦਲ ਦੀ ਤਰਫ਼ ਯੋਗਦਾਨ ਹੈ। ਹੁਣ ਤੱ ਹੀ ਸਨੂੰ ਹੀ ਇਹ ਮਹਿਸੂਸ ਕਰ ਲਿਆ ਗਿਆ ਸੀ ਕਿ ਕਿਸ ਤਰ੍ਹਾਂ ਆਉਣ ਵਾਲੇ ਸਮੇ ਵਿਚ ਅਜਿਹੇ ਯੋਗਦਾਨਾਂ ਦੀ ਜ਼ਰੂਰਤ ਰਹੇਗੀ ਤਾਂ ਇਮਰਜੰਸੀ ਜਾਰੀ ਪ੍ਰਤਾਪ ਸਿੰਘ ਜੀ ਨੇ ਇਸ ਤਰ੍ਹਾਂ ਨਾਲ ਪਹਿਲ ਕੀਤੀ। ਇਹ ਕੁਝ ਹੋਰ ਦੀ ਮਹਾਪੁਰਖਾ ਨੂੰ ਵੀ ਜੋੜਿਆ ਗਿਆ, ਜੋ ਕੇਂਦਰੀ ਅਹੁਦੇਦਾਰਾਂ ਦੇ ਰੂਪ ਵਿਚ ਰਹੇ। ਚਾਹੇ ਉਹ ਨਿਰਮਾਣ ਜੀ ਹੋਣ, ਚਾਹੇ ਕੰਵਲ ਸਿੰਘ ਜੀ ਪ੍ਰੋਸੀ ਹੋਣ (ਜਿਨ੍ਹਾਂ ਨੇ ਹੁਣੇ ਥਾਡਾ ਸਭ ਪਹਿਲਾਂ ਹੀ ਵਿਚ ਆਪਣੇ ਇਸ ਨਸ਼ਵਰ ਸ਼ਰੀਰ ਨੂੰ

ਜੋ ਸੇਵਾ ਦੇ ਜ਼ਜਬੇ ਪ੍ਰਾਪਤ ਕਰ ਰਹੇ ਹਨ। ਵਧਦੀ ਹੋਈ ਉਮਰ ਦੇ ਨਾਲ ਲਗਾਤਾਰ ਬੱਚੇ ਇਸ ਜਜਬੇ ਨੂੰ ਮਜਬੂਤ ਕਰ ਰਹੇ ਹਨ।

ਇਹ ਸੇਵਾਦਲ ਦਾ ਸਵਰੂਪ ਉਦੋਂ ਤੋ ਬਣਿਆ ਹੈ ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਨੇ ਜਦ ਤੋ ਮੰਡਲ ਦੀ ਸਥਾਪਨਾ ਕੀਤੀ। ਫਿਰ ਉਸ ਦੇ ਬਾਦ ਅਜਿਹਾ ਮਹਿਸੂਸ ਕੀਤਾ ਗਿਆ ਕਿ ਸੇਵਾਦਾਰਾ ਦਾ ਇਕ ਅਜਿਹਾ ਸਵਰੂਪ ਹੋਵੇ ਜੋ ਸੰਗਤਾਂ ਦੀ ਸੰਭਾਲ ਕਰ ਸਕੇ। ਕਈ ਹੋਰ ਵਿਵਸਥਾਵਾਂ ਕੀਤੀਆਂ ਜਾ ਸਕਣ, ਲੰਗਰ ਦੀਆਂ, ਲਾਈਨਾ ਦੀਆਂ।

ਹਾਲਾਂਕਿ ਬਹੁਤ ਸੀਮਿਤ ਸੰਗਠਨ ਸੀ ਉਸ ਸਮੇ ਲੇਕਿਨ ਉਸ ਤਿਆਰਿਆਂ) ਸੇਵਾਦਲ ਦੇ ਰੂਪ ਵਿਚ ਕਈ ਸਾਲਾ ਤਕ ਆਪਣੇ ਯੋਗਦਾਨ ਦਿੱਤੇ। ਇਸੀ ਤਰ੍ਹਾਂ ਯੋਮਹਾਜ ਜੀ ਦੱਢਾ ਨੇ ਯੋਗਦਾਨ ਦਿੱਤੇ। ਸਾਡੇ ਪੁਰਨਾ ਜੀ ਦੀ ਲਗਾਤਾਰ ਸੇਵਾ ਦਿਸ ਰਹੇ ਹਨ। ਹਾਹਾ ਪ੍ਰਤਾਪ ਸਿੰਘ ਜੀ ਸਹਿਤ ਇਨ੍ਹਾ ਪੰਜ ਮਹਾਪੁਰਸ਼ਾ ਨੂੰ ਕੇਂਦਰੀ ਅਧਿਕਾਰੀਆਂ ਦੇ ਰੂਪ ਵਿਚ ਇਹ ਜ਼ਿੰਮੇਦਾਰੀ ਸੌਂਪੀ ਗਈ। ਸਾਲਾ ਤਕ ਉਹ ਨਿਭਾਉਂਦੇ ਰਹੇ। ਫਿਰ ਜਿਉਂ-ਜਿਉਂ ਸਮਾ ਬੀਤਿਆ ਤਿਉਂ-ਤਿਉਂ ਸਮੇ ਦੇ ਅਨੁਸਾਰ ਅਲਗ-ਅਲਗ ਸਥਾਨਾ ਤੇ ਅਲਗ-ਅਲਗ ਸੰਸਥਾਵਾਂ ਦੀਆਂ ਸੇਵਾਵਾਂ ਨਵੀ ਵਿਵਸਥਾ ਦੇ ਅਨੁਸਾਰ ਲਈਆਂ ਜਾਦੀਆਂ ਰਹੀਆਂ। ਇਸਲਈ ਸੇਵਾਦਲ ਦੇ ਕੇਂਦਰੀ

ਅਧਿਕਾਰੀਆਂ ਵਿਚ ਵੀ ਸਮੇਂ-ਸਮੇਂ ਤੇ ਬਦਲਾਵ ਹੁੰਦੇ ਰਹੇ ਹਨ। ਉਨ੍ਹਾਂ ਵਿਚੋਂ ਅਨੇਕਾਂ ਮਹਾਪੁਰਖ ਕਾਰਜਕਾਰਣੀ ਕਮੇਟੀ ਵਿਚ ਲੰਮੇ ਲਏ ਗਏ, ਉਸ ਰੂਪ ਵਿਚ ਉਨ੍ਹਾਂ ਨੇ ਜ਼ਿੰਮੇਦਾਰੀ ਨਿਭਾਈ ਸ਼ੁਰੂ ਕਰ ਦਿੱਤੀ। ਚਾਹੇ ਭਾਈ ਸਾਹਿਬ ਅਜਾਇਬ ਸਿੰਘ ਜੀ ਨੂੰ ਦੀ ਅਸੀ ਦੇਖਦੇ ਹਾ ਕਿ ਉਹ ਕੇਂਦਰੀ ਅਧਿਕਾਰੀ ਤਾ ਉਸ ਰੂਪ ਵਿਚ ਨਹੀਂ ਸਨ ਲੇਕਿਨ ਉਨ੍ਹਾ ਨੂੰ ਕਾਯਜਕਾਰਣੀ ਕਮੇਟੀ ਵਲੋਂ ਜ਼ਿੰਮੇਦਾਰੀ ਦਿੱਤੀ ਗਈ ਸੀ, ਦਾਸ ਜਿਵੇਂ ਸੰਘਟਨੀ ਰਾਮਸਰਨ ਜੀ, ਜਿੰਨੇ ਹੀ ਸਾਲ ਉਹ ਵੀ ਬੋਰਡ ਦੇ ਮੰਬਿਰ ਰਹੇ। ਇਸ ਤਰ੍ਹਾਂ ਸੇਵਾਦਲ ਦੇ ਕੇਂਦਰੀ ਅਧਿਕਾਰੀਆਂ ਵਿਚੋਂ ਕਝ ਕਾਰਜਕਾਰਣੀ ਕਮੇਟੀ ਵਿਚ ਆ ਗਏ। ਉਸ ਰੂਪ ਵਿਚ ਸੇਵਾ ਕਰਨ ਲੱਗੇ ਅਤੇ ਫਿਰ ਉਨ੍ਹਾਂ ਦੀ ਥਾਂ ਤੇ ਹੋਰ ਮਹਾਪੁਰਸ਼ਾ ਨੂੰ ਮੌਕਾ ਮਿਲਿਆ। ਇਹ ਸਿਲਸਿਲਾ ਲਗਾਤਾਰ ਚਲਦਾ ਆ ਰਿਹਾ ਹੈ।

ਹੁਣ ਇਸੀ ਸਾਲ ਦੇ ਅਪ੍ਰੈਲ ਮਹੀਨੇ ਵਿਚ, ਜਦਕਿ ਜਨਰਲ ਬਾਡੀ ਮੀਟਿੰਗ ਹੋਈ, ਉਸ ਵਿਚ ਕੁਝ ਫੈਸਲੇ ਲਏ ਗਏ. ਉਨ੍ਹਾਂ ਵਿਚ ਸੇਵਾਦਲ ਦੇ ਕੇਂਦਰੀ ਢਾਂਚੇ ਵਿਚ ਵੀ ਇਹ ਤਬਦੀਲੀ ਕੀਤੀ ਗਈ ਕਿ ਜਿਥੇ ਪਹਿਲਾ ਜੋ ਢਾਂਚਾ ਸੀ ਤਾਂ ਉਸ ਵਿਚ ਇਕ ਮੁੱਖ ਸੰਚਾਲਕ ਹੁੰਦਾ ਸੀ, ਦੋ ਉਪ-ਮੁਖ ਸੰਚਾਲਕ ਹੁੰਦੇ ਸੀ, ਇਕ ਮੁਖ ਸ਼ਿਖਸ਼ਕ ਹੁੰਦਾ ਸੀ ਅਤੇ ਇਕ ਉਪ-ਮੁਖ ਸ਼ਿਖਸ਼ਕ ਹੁੰਦਾ ਸੀ। ਇਹ ਅਜਿਹੀ ਪ੍ਰਣਾਲੀ ਬਣੀ ਹੋਈ ਸੀ ਲੇਕਿਨ ਅਪ੍ਰੈਲ ਦੇ ਮਹੀਨੇ ਵਿਚ ਇਸ ਢਾਂਚੇ ਵਿਚ ਤਬਦੀਲੀ ਆਈ। ਉਸ ਵਿਚ ਇਕ ਮੁਖ ਸੰਚਾਲਕ ਅਤੇ ਬਾਕੀ ਚਾਰ ਉਪ-ਮੁਖ ਸੰਚਾਲਕ ਅਤੇ ਉਨ੍ਹਾ ਨੂੰ ਵਿਸੇਸ਼ ਪ੍ਰਕਾਰ ਦੀ ਡਿਊਟੀ ਦਿੱਤੀ ਗਈ ਤਾਕਿ ਜੋ ਪਹਿਲੁਹਨ ਉਨ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਤਰ੍ਹਾਂ ਇੰਚਾਰਜ ਦੇ ਰੂਪ ਵਿਚ ਹਰਬੰਸ ਲਾਲ ਅਰੋੜਾ ਜੀ ਨੂੰ ਲਿਆ ਗਿਆ ਕਾਰਜਕਾਰਣੀ ਕਮੇਟੀ ਵਲੋਂ, ਜੋ ਭੂਮਿਕਾ ਪਹਿਲਾ ਓਂਕਾਰ ਸਾਹਿਬ ਬਾਖੂਬੀ ਨਿਭਾਉਦੇ ਰਹੇ। ਉਸ ਤੋ ਪਹਿਲਾਂ ਅਜਾਇਬ ਸਿੰਘ ਜੀ ਅਤੇ ਨਿਰਮਾਣ ਜੀ ਨਿਭਾਉਦੇ ਰਹੇ। ਇਸ ਤਰ੍ਹਾ ਲਗਾਤਾਰ ਇਹ ਸਿਲਸਿਲਾ ਚਲ ਰਿਹਾ ਹੈ। ਮੰਤਰੀ ਸੰਚਾਲਕ, ਅਪਣੇ-ਅਪਣੇ (ਫੀਲਡ) ਵਾਰਜ ਮੰਤਰਾ ਵਿਚ ਕੰਮ ਕਰ ਰਹੇ ਹਨ ਅਤੇ ਪ੍ਰੇਰਿਤ ਕਰਦੇ ਹਨ, ਸੇਵਾ ਲਈ ਟ੍ਰੇਨਿੰਗ ਵਿਚ ਵੀ ਅਪਣਾ ਯੋਗਦਾਨ ਦੇਂਦੇ ਹਨ, ਟ੍ਰੇਨਿੰਗ ਕੈਂਪ ਵੀ ਲਗਾਏ ਹਨ,. ਇਸ ਤਰ੍ਹਾਂ ਨਾਲ ਯੂਨਿਟ ਪੱਧਰ ਤੇ ਦੀ ਸੰਚਾਲਕ, ਸਿਖਸ਼ਕ ਹੋਣ ਜਾ ਸ਼ਿਖਸ਼ਿਕਾ ਹੋਣ ਤਾ ਇਸ ਤਰ੍ਹਾ ਲਗਾਤਾਰ ਭੈਣ-ਭਾਈ ਸੇਵਾ ਦੇ ਮੈਦਾਨ ਵਿਚ ਲਗਾਤਾਰ ਅਪਣਾ ਯੋਗਦਾਨ ਦਿੰਦੇ ਜਾ ਰਹੇ ਹਨ।

ਅੱਜ ਇਸ ਰੈਲੀ ਵਿਚ ਵੀ ਇਹੀ ਮੰਗ ਕਰ ਰਹੇ ਸੀ ਕਿ ਸਾਨੂੰ ਸ਼ਕਤੀ ਪ੍ਰਾਪਤ ਹੋਵੇ ਤਾਕਿ ਸਾਰੇ ਜਜਬੇ ਬਣੇ ਰਹਿਣ। ਇਹ ਸ਼ਕਤੀ ਸਾਨੂੰ ਮਿਲੀ ਰਹੇ। ਅਸੀਂ ਉਤਸਾਹ ਦੇ ਨਾਲ ਸੇਵਾ ਕਰਦੇ ਰਹੀਏ, ਕਿਧਰੇ ਆਲਸ ਨਾ ਆਏ, ਕਿਧਰੇ ਮਨ ਕਮਜ਼ੋਰ ਨਾ ਹੋਵੇ ਅਤੇ ਆਪੀ ਮਰਿਆਦਾ ਵਿਚ ਰਹਿ ਕੇ ਇਨ੍ਹਾਂ ਸੇਵਾਵਾਂ ਨੂੰ ਜ਼ਿੰਮੇਦਾਰੀ ਨਾਲ ਨਿਭਾਉਦੇ ਚਲੇ ਜਾਈਏ। ਬਹੁਤ ਸੁੰਦਰ ਪੇਸ਼ਕਸ਼, ਜੋ ਆਪ ਨੇ ਹੁਣੇ ਰੈਲੀ ਵਿਚ ਦੇਖੀ ਅਤੇ ਕਿਸ ਤਰ੍ਹਾ ਹਰ ਤਰ੍ਹਾ ਨਾਲ Improvements (ਸੁਧਾਰ) ਹੋ ਰਹੇ ਹਨ। ਦਾਤਾਰ ਕ੍ਰਿਪਾ ਕਰੇ ਕਿ ਹੋਰ ਜ਼ਿਆਦਾ ਤਰੱਕੀ ਹੋਵੇ। ਕਿਉਂਕਿ Volunteers (ਸਵੈ-ਸੇਵਕ) ਹਨ ਸਾਰੇ Full Timers (ਪੂਰੇ ਸਮੇਂ) ਨਹੀਂ ਹਨ। ਪਰਿਵਾਰ ਦੇ ਪ੍ਰਤੀ ਅਪਣੀ ਜ਼ਿੰਮੇਦਾਰੀਆਂ ਨੂੰ ਨਿਭਾਉਣ ਦੇ ਨਾਲ-ਨਾਲ ਸੇਵਾਵਾਂ ਨਹਦੇ ਹਨ। ਦੂਰਾਡੇ ਆਦਿ ਤੇ ਸਿਹਨਤ-ਪ੍ਰਧਾਰੋਂ ਕਹਨੀ, ਕੋਈ ਕਿਤੇ ਦਫ਼ਤਰ ਵਿਚ ਕੰਮ ਕਰ ਰਿਹਾ ਹੈ, ਕਿਧਰੇ ਕਈ ਜੋੜੀ ਲੱਗਾ ਰਿਹਾ ਹੈ, ਕਿਧਰੇ ਕਿਸਾਨ ਦੇ ਰੂਪ ਵਿਚ ਹਲ ਚਲਾ ਰਿਹਾ ਹੈ। ਅਨੇਕਾ ਰੂਪਾ ਵਿਚ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਹੋਰ ਸਾਮਾਜਿਕ ਪ੍ਰਾਣੀਆ ਦੀ ਤਰ੍ਹਾ ਉਨ੍ਹਾ ਤੁਮਾਮ ਜ਼ਿੰਮੇਦਾਰੀਆ ਨੂੰ ਨਿਭਾਉਣ ਦੇ ਲਈ ਸਮਾ ਅਤੇ ਸਕਤੀ ਚਾਹੀਦੀ ਹੈ। ਤਾਂ ਉਹ ਸਭ ਕੁਝ

ਵਰਤਨ ਦੇ ਨਾਲ-ਨਾਲ ਮੇਰਾ ਸਭੀ ਸਭ ਕੱਢਣਾ ਕੋਈ ਆਸਾਨ ਕੰਮ ਨਹੀਂ ਹੈ। ਇਹ ਅੱਜਕਾ ਤਪ ਤਿਆਗ ਦਾ ਭਾਵ ਹੈ ਜੋ ਇਨ੍ਹਾਂ ਨੂੰ ਤਮਾਮ ਜ਼ਿੰਮੇਦਾਰੀਆਂ ਨਿਭਾਉਣ ਦੇ ਨਾਲ-ਨਾਲ ਇਸ ਪਾਸੇ ਵਲ ਵੀ ਪ੍ਰੇਰਿਤ ਕਰਦਾ ਹੈ ਅਤੇ ਇਹ ਨਿਸ਼ਕਲ ਪੰਦੇ ਹਨ ਸੇਵਾ ਕਰਨ ਲਈ ਨਿਸ਼ਕਾਮ ਭਾਵ ਨਾਲ, ਨਿਮਰਤਾਪੂਰਵਕ ਮਰਿਯਾਦਾ ਵਿਚ ਰਹਿ ਕੇ, ਹੁਕਮੀ ਬੰਦੇ ਬਨ ਕੇ।

ਲਗਾਤਾਰ ਇਸੇ ਤਰ੍ਹਾਂ ਮਿਸ਼ਨ ਦੇ ਰਾਹੀਂ ਜੋ ਭਿੰਨ-ਭਿੰਨ ਯੋਗਦਾਨ ਦਿੱਤੇ ਜਾ ਰਹੇ ਹਨ, ਸੇਵਾਦਲ ਦਾ ਅਪਣਾ ਮਹੱਤਵਪੂਰਣ ਯੋਗਦਾਨ ਇਸ ਵਿਚ ਸ਼ਾਮਿਲ ਹੈ। ਸਫ਼ਾਈ ਮੁਹਿੰਮ ਵੀ ਚਲਦੀ ਹੈ। ਫਰਵਰੀ ਵਿਚ ਵੀ ਸਾਰੇ ਸੇਵਾਦਲ ਦੇ ਨੌਜਵਾਨਾਂ ਨੇ ਅਪਣੇ ਆਪਨੂੰ ਸ਼ਾਮਿਲ ਕੀਤਾ। ਇਸੇ ਤਰ੍ਹਾਂ ਨਾਲ Environment Day (ਵਾਤਾਵਰਣ ਦਿਵਸ) ਵੀ ਮਨਾਇਆ ਜਾਦਾ ਹੈ। ਇਸ ਸਾਲ ਦੀ ਦਾਸ ਜਦੋਂ ਮਸੂਰੀ ਵਿਚ ਸੀ ਤਾ ਉਥੇ Environment Day (ਵਾਤਾਵਰਣ ਦਿਵਸ) ਸੀ, 5 ਜੂਨ ਨੂੰ। ਜਿਸ ਵਿਚ ਮਸੂਰੀ ਵਿਚ ਹੋਰ ਵੀ ਲੋਕਾ ਨੇ ਹਿੱਸਾ ਲਿਆ। ਜੋ ਮੁਖ ਕੰਮ ਸੀ, ਸਾਰੇ ਕੂੜਾ-ਕਰਕੱਟ ਨੂੰ ਹਰਿਦਵਾਰ ਆਦਿ ਨੂੰ ਸਮੇਟਣਾ, ਜੋ ਉਥੇ ਫੈਲੀ ਹੋਈ ਸੀ। ਉਸ ਵਿਚ ਵੀ ਸਭ ਤੋਂ ਜ਼ਿਆਦਾ ਯੋਗਦਾਨ ਸੇਵਾਦਲ ਦੇ ਜਵਾਨਾਂ ਅਤੇ ਕੇਮਾਂ ਦਾ ਸੀ, ਜਿਸ ਦੀਆਂ ਤਸਵੀਰਾਂ ਕਿਰਪੇ ਆਪ Magazine (ਪਤ੍ਰਿਕਾ) ਵਿਚ ਜਾਂ ਇੰਟਰਨੇਟ ਤੇ ਜਾਂ Exhibition (ਪ੍ਰਦਰਸ਼ਨੀ) ਵਿਚ ਦੇਖਦੇ ਹੋ ਕਿ ਗੰਦਗੀ ਦੀ ਕੋਈ ਪ੍ਰਵਾਹ ਨਹੀਂ ਕੀਤੀ। ਹੁਣ ਵੀ ਜਦੋਂ ਸੜਕਾ ਤੋਂ ਲੰਘਦੇ ਹਾਂ ਤਾ ਦੇਖਦੇ ਹਾਂ ਕੂੜੇ-ਕਰਕਟ ਦਾ ਢੇਰ ਲੱਗਾ ਹੁੰਦਿਆ ਹੈ ਤਾਂ ਕਾਰ ਵਿਚ ਜਾਂਦੇ ਹੋਏ ਵੀ ਸੀਸਾ ਚੜ੍ਹਾਉਣਾ ਪੰਦਾ ਹੈ। ਇਸਦੇ ਬਾਦਜੂਦ ਜਦੋਂ ਉਹ ਕੂੜਾ-ਕਰਕੱਟ ਉਠਾ ਰਹੇ ਸੀ ਜਾਂ ਪ੍ਰੈਸ ਰੀਪੋਰਟਰ ਜਦੋਂ ਚਾਰ-ਪੰਜ ਨੂੰ ਉਨ੍ਹਾਂ ਨੇ ਪੜਿਆ ਤਾਂ ਉਹ ਪ੍ਰੈਸ ਰੀਪੋਰਟਰ ਹੈਰਾਨ ਹੋ ਗਏ ਇਹ ਦੇਖ ਕਿ ਜੋ ਕੂੜਾ-ਕਰਕੱਟ ਉਠਾ ਰਹੇ ਹਨ, ਐਨੀ ਗੰਦਗੀ ਉਠਾ ਰਹੇ ਹਨ, ਇਕ ਦੱਸ ਰਿਹਾ ਹੈ ਕਿ ਮੇਰਾ ਅਪਣਾ ਬਿਜਨੈਸ ਹੈ, ਮੇਹੀਆਂ ਚਾਹ ਦੁਕਾਨਾਂ ਹਨ, ਮੈਂ ਉਨ੍ਹਾਂ ਦਾ ਮਾਲਿਕ ਹਾਂ। ਇਕ ਕਹਿ ਰਿਹਾ ਹੈ ਕਿ ਮੈਂ ਗਜ਼ਟਿਡ ਅਫ਼ਸਰ ਹਾਂ। ਇਸ ਤਰ੍ਹਾਂ ਸਾਮਾਜਿਕ ਰੂਪ ਵਿਚ ਐਨੇ ਉਚੇ ਦਰਜੇ ਤੇ ਪਹੁੰਚ ਕੇ ਵੀ ਉਨ੍ਹਾਂ ਵਿਚ ਜਰਾ ਜਿਨੀ ਵੀ ਕੋਈ ਝਿਜਕ ਨਹੀਂ ਸੀ, ਸ਼ਰਮ ਨਹੀਂ ਸੀ। ਉਨ੍ਹਾਂ ਰਿਪੋਰਟਰਜ਼ ਨੇ ਵੀ ਉਨ੍ਹਾਂ ਸੇਵਾਦਾਰਾਂ ਦੇ ਜੀਵਨ ਤੋਂ ਜਾਣ ਲਿਆ ਕਿ ਸੇਵਾ ਤਾ ਫ਼ਖਰ ਦੀ ਗੱਲ ਹੁੰਦੀ ਹੈ, ਸ਼ਰਮ ਦੀ ਗੱਲ ਨਹੀਂ ਹੁੰਦੀ। ਇਹ ਕੈਮਰੇ ਦੀ ਸੱਕੈਚ ਮਨ ਵਿਚ ਨਾ ਰੱਖਦੇ ਹੋਏ ਸੇਵਾ ਕਰਦੇ ਜਾਦੇ ਹਨ, ਚਾਹੇ ਉਹ ਕਿਸੇ ਵੀ ਰੂਪ ਵਿਚ ਕਿਉਂ ਨਾ ਹੋਵੇ। ਮੈਦਾਨਾਂ ਵਿਚ ਪਿਛਲੇ ਮਹੀਨੇ ਤੱ ਵੀ ਮਿਆਦਾ ਸਨ ਤ ਸੇਵਾਵਾਂ ਚਲ ਰਹੀਆਂ ਹਨ। ਦਾਸ ਵਿਸ਼ਵ ਦੇ ਅਠੇਰਾ ਮੁਲਕਾ ਦੀ ਯਾਤਰਾ ਤੋਂ ਵਾਪਿਸ ਵੀ ਨਹੀਂ ਆਇਆ ਸੀ, ਵਾਪਸੀ ਹੋਈ ਪਹਿਲੀ ਅਕਤੂਬਰ ਨੂੰ, ਲੇਕਿਨ ਉਸ ਤੋਂ ਪਹਿਲਾਂ ਹੀ ਮੈਦਾਨਾਂ ਵਿਚ ਤਿਆਰੀਆਂ ਸ਼ੁਰੂ ਹੋ ਗਈਆਂ ਸਨ। ਜਾਣ ਤੋਂ ਪਹਿਲਾਂ Executive Body (ਕਾਰਜਕਾਰਣੀ ਮੰਡਿਲ) ਨੂੰ ਅਤੇ ਹੋਰ ਵੀ ਮਹਾਪੁਰਸ਼ਾਂ ਨੂੰ ਜਿੰਮੇਦਾਰੀ ਦਿੱਤੀ ਗਈ ਸੀ ਸਮਾਗਮ ਕਮੇਟੀ ਦੇ ਰੂਪ ਵਿਚ। ਇਨ੍ਹਾਂ ਨੇ ਅਖਲੀਆਂ ਜਮਨਾਵਾਂ ਆਰੰਭ ਕਰ ਦਿੱਤੀਆ ਸਨ। ਨਾਲ ਹੀ ਨਾਲ ਇਨ੍ਹਾਂ ਮੈਦਾਨਾਂ ਦਿਹ ਜੋ ਸਰਾਹੁਣ ਉਦਾਹਰਨ ਬਣਾਏ ਗਏ ਸੀ, ਉਨ੍ਹਾਂ ਨੇ ਅਪਣਾ ਕੰਮ ਸ਼ੁਰੂ ਕਰ ਦਿੱਤਾ। ਆਸ-ਪਾਸ ਦੇ ਸੇਵਾਦਾਰਾਂ ਨੇ ਆਪੇਂਸ਼ ਕਰ ਦਿੱਤੀਆਂ ਅਪਣੀਆਂ ਸੇਵਾਵਾਂ। ਇਸ ਤਰ੍ਹਾਂ ਲਗਾਤਾਰ ਇਨ੍ਹਾਂ ਮੈਦਾਨਾਂ ਵਿਚ ਹੀ ਸੇਵਾਵਾਂ ਚਲ ਰਹੀਆਂ ਹਨ। ਦਾਤਾਰ ਸ਼ਰਧਿਆਂ ਨੂੰ ਮਕਤੀ ਦੇਵੇ ਕਿ ਇਹ ਸੇਵਾ ਜਿਆਦਾ ਅਪਣੇ ਆਪ ਵਿਚ ਹੀ ਬਰਤ ਵਿਸਥਾਰ ਹੈ ਕਿ ਦੇਖ ਕੇ ਲੋਕ ਮੈਦਾਨ ਹੈਰਾਨ ਹੋ ਜਾਂਦੇ ਹਨ ਕਿ ਵਾਕਈ

ਐਨਾ ਵੱਡਾ ਰੂਪ ਅਤੇ ਇਸਨੂੰ ਕਿਵੇਂ ਸੰਭਾਲਿਆ ਜਾਂਦਾ ਹੈ, ਕਿਵੇਂ ਸੁਹਾਵੀ ਬਣੀ ਰਹੀ ਹੈ। ਕਿਵੇਂ ਕਿਵੇਂ ਇਹ Arrangements (ਪ੍ਰਬੰਧ) ਕਿਥੇ-ਕਿਥੇ ਲੰਗਰ, ਲੰਗਰ ਪਕਾਉਣ ਵਾਲੇ, ਲੰਗਰ ਵੰਡਣ ਵਾਲੇ, ਟੈਫਿਕ ਨੂੰ ਤਹਤੀਬ ਦੇਣ ਵਾਲੇ, ਲਾਈਨਾਂ ਨੂੰ ਸੰਭਾਲਣ ਵਾਲੇ, ਰਾਤ-ਰਾਤ ਭਰ ਜਾਗ ਕੇ। ਦਾਸ ਨੂੰ ਵੀ ਲਗਾਤਾਰ ਪਿਛਲੀਆਂ ਦੋ ਤਿੰਨ ਰਾਤਾਂ ਦੇਰ ਰਾਤ ਤਕ ਜਾਗਣ ਦਾ ਮੌਕਾ ਮਿਲਿਆ। ਰਾਤ ਨੂੰ ਵੀ ਜਦ ਦਾਸ ਤਿਆਰ ਹੋ ਕਰੀਬ ਦੋ ਵਜੇ ਮੈਦਾਨ ਵਿਚ ਚੱਕਰ ਲਗਾਇਆ। ਜਿਥੇ-ਜਿਥੇ ਗੱਡੀਆਂ ਖੜੀਆਂ ਹਨ, ਪਾਰਕਿੰਗ ਹੈ ਤਾ ਉਸ ਪਾਸੇ ਗਿਆ। ਮੱਲਾ ਤਕ ਗੱਡੀਆਂ ਖੜੀਆਂ ਸਨ ਅਤੇ ਸੇਵਾਦਲ ਦੇ ਨੌਜਵਾਨ ਚੌਕਸ ਰਹਿ ਕੇ ਉਹੋ ਜਿੰਮੇਵਾਰੀ ਦੇ ਰਹੇ ਸੀ। ਗੱਡੀ ਨਿਕਲੀ ਤਾਂ ਨੌਜਵਾਨ ਲੱਗੇ ਕਿ ਦਰਸਨ ਦਾ ਮੌਕਾ ਮਿਲ ਗਿਆ ਹੈ, ਇਸ ਤਰ੍ਹਾਂ ਰਾਖ-ਰਾਖ ਭਰ ਜਾਗ ਕੇ, ਕਿਹਹੋ ਅਸੀਂ ਲੰਗਰ ਦਲ ਦੀ ਦੇਖੀਏ, ਅਹਾਰ ਕਿਹਹੋ ਸੁੱਤੇ ਕੌਲੋਂ ਲੈਅ ਜਾਈਏ ਅਤੇ ਐਨੀ-ਐਨੀ ਦੇਰ ਲੰਗਰ ਪਕਾਂਦੇ ਸਮੇਂ ਸੁੱਖਾਂ ਬਰਦਾਸ਼ਤ ਕਰਨਾ ਕੋਈ ਆਸਾਨ ਕੰਮ ਨਹੀਂ ਹੈ। ਇਸ ਤਰ੍ਹਾਂ ਕਿਸੇ ਵੀ ਪਹਿਲੂ ਨੂੰ ਲੈ ਲਈਏ। ਹਰ ਪਹਿਲੂ ਬਹੁਤ ਮਹੱਤਤਾ ਰੱਖਦਾ ਹੈ। ਸੰਗਤਾ ਦੀ ਕਿਸ ਤਰ੍ਹਾ ਨਾਲ ਸੇਵਾਦਾ ਵਿਚ ਲੱਗੀਆਂ ਹਨ ਕਿਉਂਕਿ ਸੇਵਾ ਭਗਤੀ ਦਾ ਅੰਗ ਹੈ, ਇਸਲਈ ਉਹ ਵੀ ਵੱਧ-ਚੜ ਕੇ ਯੋਗਦਾਨ ਦੇਂਦੇ ਹਨ।

ਮਿਥੇ ਵਿਸੇਸ਼ ਰੂਪ ਵਿਚ ਤਨ ਦੀਆਂ ਸੇਵਾਵਾਂ ਦਾ ਜਿਕਰ ਹੋ ਰਿਹਾ ਹੈ, ਉਥੇ ਧਨ ਦੀਆ ਸੇਵਾਵਾ ਵੀ ਸਮਰਪਿਤ ਕੀਤੀਆ ਜਾਂਦੀਆਂ ਹਨ। ਉਹ ਤਦ ਹੀ ਹੋ ਸਕਦੀਆਂ ਹਨ ਜੇਕਰ ਮਨ ਵਿਚ ਉਹ ਭਾਵ ਹਨ, ਉਹ ਜਜ਼ਬੇ ਹਨ। ਫਿਰ ਤਨ ਦਾ ਵੀ, ਧਨ ਦਾ ਵੀ ਇਸਤੇਮਾਲ ਹੁੰਦਾ ਹੈ ਸੇਵਾ ਵਿਚ, ਉਪਕਾਰ ਵਿਚ ਲਗਦਾ ਹੈ।

ਦਾਸ ਹੋਰ ਜਿਆਦਾ ਕੁਝ ਨਾ ਕਹਿੰਦਾ ਹੋਇਆ ਆਪ ਤੋਂ ਇਜਾਜਤ ਚਾਹੇਗਾ, ਇਸ ਅਰਦਾਸ ਦੇ ਨਾਲ ਕਿ ਦਾਤਾਰ ਅਜਿਹੀ ਕ੍ਰਿਪਾ ਕਰੇ ਕਿ ਸਾਰਿਆਂ ਨੂੰ ਸਕਤੀ-ਸਾਮਰਥਾ ਦੇਵੇ ਤਾਂਕਿ ਸਾਰੇ ਵੱਧ-ਚੜ ਕੇ ਸੇਵਾ ਵਿਚ ਯੋਗਦਾਨ ਦੇਂਦੇ ਰਹਿਣ। ਪੂਰੀ ਤਰ੍ਹਾਂ ਨਾਲ ਜੋ ਮਰਿਯਾਦਾ ਬਣੀ ਹੈ, ਉਸੇ ਵਿਚ ਅਪਣੇ ਆਪਨੂੰ ਕੇਦਰੀ ਅਧਿਕਾਰੀ ਦੀ ਰੱਖਣ, ਉਸੇ ਮਰਿਯਾਦਾ ਵਿਚ ਖੇਤਰੀ ਸੰਚਾਲਕ ਦੀ ਅਪਣੇ ਆਪਨੂੰ ਰੱਖਣ।

ਇਸ ਤਰ੍ਹਾਂ ਚਾਹੇ ਉਹ ਸੰਚਾਲਕ ਹਨ, ਸਿਖਅਕ ਹਨ, ਜਾਂ ਜਦਾਨ ਹਨ, ਸਾਰਿਆ ਨੇ ਇਕ ਅਨੁਸਾਸਨ ਅਤੇ ਮਰਿਯਾਦਾ ਵਿਚ ਹੀ ਅਪਣੇ ਆਪਨੂੰ ਚਪਣਾ ਹੈ। ਕਿਸੇ ਵੀ ਹਾਲਤ ਵਿਚ ਨਿੰਮਰਤਾ ਨੂੰ ਨਹੀਂ ਛੱਡਣਾ ਹੈ। ਮਿੱਠੀ ਭਾਸਾ ਰੱਖਣੀ ਹੈ। ਸਹਿਨਸੀਲਤਾ ਰੱਖਣੀ ਹੈ ਕਿਉਂਕਿ ਇੰਤਜਾਮ ਕਰਦੇ ਸਮੇਂ, ਜਦ ਕਿਸੇ ਨੂੰ ਰੋਕਿਆ ਜਾਂਦਾ ਹੈ ਤਾ ਅੱਗੋਂ ਅਗਰ ਕਦੀ ਮਰਿਯਾਦਾ ਦਿਹ ਨਹੀ ਹੁੰਦਾ ਹੈ ਜਾ ਕਿਧਰੇ ਥੋੜਾ ਜਿਹਾ ਵੀ ਅਹਿਮ ਦਾ ਭਾਵ ਹੁੰਦਾ ਹੈ ਤਾ ਉਹ ਸ਼ਬਦਾ ਦਾ ਅਜਿਹਾ ਇਸਤੇਮਾਲ ਕਹ ਦੇਂਦਾ ਹੈ ਜੋ ਕਿ ਆਹ ਕਹਦਾ ਹੈ। ਅਜਿਹੇ ਹਾਲਤਾ ਵਿਚ ਵੀ ਸੇਵਾਦਲ ਦੇ ਨੌਜਵਾਨ ਜੇਕਰ ਜਜ਼ਬ ਕਰਨਾ ਸਿਖ ਜਾਣ ਤਾਂ ਵਾਖਰੀ ਹੀ ਸ਼ਾਂ ਆਪਣੀ ਨਾਲ ਬੀਤ ਜਾਦਾ ਹੈ, ਭਾਵ ਕਿ ਸਹਿਨਸੀਲਤਾ ਵੀ ਹੋਵੇ, ਨਿਮਰਤਾ ਵੀ ਹੋਵੇ, ਦ੍ਰਿਸਟਾ ਤੇ ਮਿਠਾਸ ਵੀ ਹੋਵੇ ਅਤੇ ਇਸ ਤਰ੍ਹਾ ਨਾਲ ਸੰਗਤਾ ਦਾ ਆਦਰ-ਸਤਿਕਾਰ ਕਹਦੇ ਹੋਏ ਵੱਡੇ ਤੋਂ ਵੱਡੇ ਇੰਤਜਾਮ ਇਹ ਕਹਦੇ ਹਨੇ ਜਾਣ, ਇਸ ਤਰ੍ਹਾਂ ਦੀ ਇਨ੍ਹਾਂ ਨੂੰ ਦਾਤਾਰ ਸਕਤੀ ਦੇਵੇ।

ਸਾਧਸੰਗਤ ਜੀ, ਧੰਨ ਨਿਰੰਕਾਰ।

(ਸੰਗ੍ਰਹਿਕਰਤਾ — ਸੁਲੇਖ 'ਸਾਥੀ')

ਵਿਚਾਰ-15-11-2009(ਐਤਵਾਰ)



ਪ੍ਰਵਚਨ ਨਿਰੰਕਾਰੀ ਰਾਜਮਾਤਾ ਜੀ

62ਵੇਂ ਸਾਲਾਨਾ ਸੰਤ ਸਮਾਗਮ ਦੇ ਦੂਜੇ ਦਿਨ 15 ਨਵੰਬਰ 2009 ਨੂੰ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋਏ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ ਨੇ ਕਿਹਾ-

ਸਾਧਸੰਗਤ, ਪਿਆਰ ਨਾਲ ਬੋਲੋ,

ਧੰਨ ਨਿਰੰਕਾਰ।

ਅੱਜ ਹਰ ਜਗ੍ਹਾ ਦੇ ਸੰਤਾਂ ਨੇ ਹਰ ਭਾਸ਼ਾ ਵਿਚ ਭਗਤੀ ਦੇ ਭਾਵ ਆਪਦੇ ਸਾਮ੍ਹਣੇ ਰੱਖੇ। ਜਿਵੇਂ ਕਿ ਆਪ ਜਾਣਦੇ ਹੋ ਕਿ ਹਰ ਸਾਲ ਇਹ ਸੰਤ ਸਮਾਗਮ, ਸੰਤਾਂ ਦਾ ਇਕੱਠ ਹੁੰਦਾ ਹੈ। ਅੱਜ ਦੀ ਇਸੇ ਤਰ੍ਹਾਂ ਨਾਲ ਸੰਤ ਇਕੱਠੇ ਹੋ ਕੇ ਸਤਿਗੁਰੂ ਦੀ ਮਹਿਮਾ ਦਾ ਜ਼ਿਕਰ ਕਰ ਰਹੇ ਹਨ ਕਿਉਂਕਿ ਸਤਿਗੁਰੂ ਨੇ ਇਕ ਅਜਿਹੀ ਦਾਤ ਬਖਸ਼ੀ ਹੈ ਜੋ ਜਨਮ-ਜਨਮਾਂਤਰ ਦੀ ਭਟਕਣ ਨੂੰ ਖਤਮ ਕਰ ਦਿੰਦੀ ਹੈ। ਸੱਚ ਕਹਿੰਦੇ ਹਨ, ਪੜ੍ਹਦੇ ਵੀ ਹਨ ਕਿ-

ਆਦਿ ਸਚੁ ਜੁਗਾਦਿ ਸਚੁ।।
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ।।

ਆਪ ਸਾਰੇ ਜਾਣਦੇ ਹੋ ਕਿ ਸੱਚੀ ਵਸਤੂ ਉਹੀ ਹੁੰਦੀ ਹੈ, ਜੋ ਹਮੇਸ਼ਾ ਸਾਡੇ ਕੋਲ ਹੋਵੇ ਇਸਲਈ ਇਹ ਪ੍ਰਭੂ-ਪਰਮਾਤਮਾ-ਨਿਰੰਕਾਰ, ਜਿਸਨੂੰ ਅਸੀ ਅਨੇਕਾਂ ਨਾਵਾਂ ਨਾਲ ਪੁਕਾਰਦੇ ਹਾਂ ਇਹ ਹਮੇਸ਼ਾ ਸੱਚ ਰਹਿਣ ਵਾਲਾ ਹੈ। ਇਸਦੇ ਵਿਪਰੀਤ ਜੋ ਕੁਝ ਵੀ ਇਹ ਅੱਖਾਂ ਦੇਖ ਰਹੀਆਂ ਹਨ। ਉਸਨੂੰ ਝੂਠ ਮੰਨਿਆ ਗਿਆ ਹੈ। ਇਸ ਰੰਗ-ਰੰਗੀਲੀ ਦੁਨੀਆ ਵਿਚ ਇਹ ਸੰਗਤ ਦੁਰਲਭ ਹੈ। ਇਸ ਸੰਗਤ ਨਾਲ ਹੀ ਪ੍ਰਭੂ ਦਾ, ਸੱਚ ਦਾ ਪਤਾ ਚਲਦਾ ਹੈ।

ਇਕ ਪ੍ਰਭੂ, ਪਰਮਾਤਮਾ, ਈਸ਼ਵਰ, ਗੌਡ, ਵਾਹਿਗੁਰੂ ਨੂੰ ਹੀ ਸੱਚ ਮੰਨਿਆ ਗਿਆ ਕਿਉਂਕਿ ਇਹ ਹਮੇਸ਼ਾ ਤੋ ਰਹਿੰਦਾ ਹੈ ਸਾਡੇ ਕੋਲ। ਪਹਿਲਾਂ ਵੀ ਭਗਤਾਂ ਨੇ ਕਿਹਾ ਹੈ

ਨਾਲਿ ਨਾਰਾਇਣੁ ਮੇਰੈ।। ਜਮਦੂਤੁ ਨ ਆਵੈ ਨੇਰੈ।

ਕਿਹਾ ਹੈ ਕਿ ਮੇਰੇ ਨਾਲ ਇਹ ਨਾਰਾਇਣ ਰਹਿੰਦਾ ਹੈ ਇਸਲਈ ਇਸਨੂੰ ਹੀ ਸੱਚ ਮੰਨਿਆ ਗਿਆ ਹੈ। ਝੂਠ ਉਹ ਵਸਤੂ ਹੁੰਦੀ ਹੈ ਜੋ ਸਾਡੇ ਕੋਲ ਕਦੇ ਹੁੰਦੀ ਹੈ ਅਤੇ ਕਦੇ ਨਹੀ ਹੁੰਦੀ। ਲੇਕਿਨ ਇਹ ਪ੍ਰਭੂ ਹਮੇਸ਼ਾ ਦੇ ਲਈ ਸੱਚ ਹੈ। ਤਦੇ ਲਿਖਿਆ ਹੈ-

ਆਦਿ ਸਚੁ ਜੁਗਾਦਿ ਸਚੁ।।
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ।।

ਪਰਮਾਤਮਾ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਅੱਗੇ ਵੀ ਰਹੇਗਾ। ਦੁਨੀਆ ਹੈ ਤਦ ਵੀ ਹੈ, ਨਹੀ ਰਹੇਗੀ ਤਦ ਵੀ ਰਹੇਗਾ, ਇਸਨੂੰ ਹੀ ਸੱਚ ਕਹਿੰਦੇ ਹਨ। ਇਸ ਦੀ ਚਰਚਾ ਹੁਣ ਤਕ ਆਪਨੇ ਸੰਤਾਂ-ਮਹਾਂਪੁਰਸ਼ਾ ਤੋ ਸੁਣੀ। ਮਾਈ ਦੇ, ਭਾਈ ਦੇ ਰੂਪ ਵਿਚ ਚਾਹੇ ਕਿਸੇ ਵੀ ਭਾਸ਼ਾ ਵਿਚ ਰੱਖੇ ਲੇਕਿਨ ਹਰ ਭਾਸ਼ਾ ਵਿਚ ਭਗਤੀ ਭਰੇ ਸਬਦ ਹੀ ਸੰਤਾਂ ਨੇ ਰੱਖੇ। ਸੰਤ ਜਿੱਥੇ ਵੀ ਬੈਠ ਜਾਂਦੇ ਹਨ, ਜਿੱਥੇ ਵੀ ਗੱਲਬਾਤ ਕਰਦੇ ਹਨ ਇਕ ਪ੍ਰਭੂ-ਪਰਮਾਤਮਾ-ਈਸ਼ਵਰ ਦੀ ਹੀ ਗੱਲ ਕਰਦੇ ਹਨ।

ਕਲ ਤੋਂ ਅਸੀ ਸਤਿਸੰਗ ਸੁਣ ਰਹੇ ਹਾਂ, ਭਗਤੀ ਦੀ ਚਰਚਾ ਤੋਂ ਬਗੈਰ ਹੱਰ ਕੋਈ ਚਰਚਾ ਇਥੇ ਨਹੀ ਹੋਈ। ਇਹ ਮੰਚ ਹੀ ਅਜਿਹਾ ਹੈ, ਜਿਥੇ ਨਿਰੋਲ ਭਗਤੀ ਦੀ ਗੱਲ ਕਹੀ ਜਾਂਦੀ ਹੈ। ਹੱਰ ਮੰਚਾਂ ਤੇ ਅਸੀ ਦੇਖਦੇ-ਸੁਣਦੇ ਹਾਂ ਅਨੇਕਾਂ ਗੱਲਾਂ ਕਹੀਆਂ ਜਾਂਦੀਆ ਹਨ ਲੇਕਿਨ ਇਸ ਮੰਚ ਤੇ ਸਵੇਰੇ ਤੋ ਸ਼ਾਮ ਤਕ ਇਕ ਹੀ ਗੱਲ ਵਾਰ-ਵਾਰ ਹਰ ਸੰਤ ਨੇ ਕਹੀ, ਚਾਹੇ ਕਿਸੇ ਨੇ ਹਾ ਕੇ ਕਹਿ ਦਿੱਤੀ ਜਾਂ ਕਹੀ ਦਰਬਾਰ ਦੀ ਗਲ ਹਰੇ ਸੀ ਜਾਂ ਕਿਸੇ ਨੇ ਭਾਸ਼ਣ ਵਿਚ ਆਪਣੀ ਗੱਲ ਕਹਿ ਦਿੱਤੀ ; ਲੇਕਿਨ ਗੱਲ ਇਕ ਹੀ ਕਹੀ। ਜਿਵੇਂ ਕਿਹਾ ਹੈ ਕਿ -

ਸੌ ਸਿਆਣੇ ਇਕੋ ਮੱਤ ਮੁਰਖਾਂ ਅਧੇ ਅਧਣੀ।

ਸੌ ਸਿਆਣੇ ਬੈਠੇ ਹੋਣ ਉਨ੍ਹਾਂ ਦੀ ਇਕ ਹੀ ਗੱਲ ਹੋਵੇਗੀ ਕਿ ਦੋ ਅਤੇ ਦੋ ਚਾਰ ਹੁੰਦੇ, ਪੰਜ ਜਾਂ ਛੇ ਨਹੀ ਹੁੰਦੇ। ਇਸੇ ਤਰ੍ਹਾਂ ਆਪ ਕਲ ਤੋਂ ਹੀ ਸੁਣ ਰਹੇ ਹੋ। ਮਹਾਤਮਾਵਾਂ ਨੇ ਇਕ ਹੀ ਗੱਲ ਕਹੀ ਕਿ-ਐ ਇਨਸਾਨ ! ਤੈਨੂੰ ਇਨਸਾਨੀ ਜਨਮ ਮਿਲਿਆ ਹੈ। ਇਹ ਮਨੁੱਖੀ ਜਨਮ ਦੁਰਲਭ ਹੈ। ਜਿਵੇ ਆਪ ਜਾਣਦੇ ਹੋ ਕਿ ਰੁੱਖ ਤੇ ਫਲ ਲੱਗਾ ਹੁੰਦਾ ਹੈ। ਜਦ ਫ਼ਲ ਨਿਕਲ ਕੇ ਡਿਗ ਪੈਂਦਾ ਹੈ ਤਾਂ ਰੁੱਖ ਦੇ ਨਾਲ ਦੁਬਾਰਾ ਨਹੀ ਲਗ ਸਕਦਾ। ਇਸੀ ਤਰ੍ਹਾਂ ਕਿਹਾ ਗਿਆ ਹੈ ਕਿ ਮਨੁੱਖੀ ਜਨਮ। ਇਕ ਵਾਰ ਹੱਥੋਂ ਨਿਕਲ ਗਿਆ ਤਾ ਫਿਰ ਪਤਾ ਨਹੀ ਕਦੋਂ ਵਾਰੀ ਆਏ ਜਦ ਸਾਨੂੰ ਮਨੁੱਖੀ ਤਨ ਮਿਲੇ। ਚੌਰਾਸੀ ਲੱਖ ਜੂਨਾਂ ਹੁਣਨ ਨੂੰ ਮਿਲਦੀਆਂ ਹਨ। ਕਿੰਨੇ ਹੀ ਛੋਟੇ-ਛੋਟੇ ਕੀੜੇ ਜਮੀਨ ਤੇ ਰੇਂਗ ਰਹੇ ਹੁੰਦੇ ਹਨ। ਚੌਰਾਸੀ ਲੱਖ ਜੂਨਾਂ ਦੇ ਬਾਦ ਇਨਸਾਨੀ ਜਨਮ ਮਿਲਦਾ ਹੈ, ਇਸਲਈ ਵਾਰ-ਵਾਰ ਚੇਤਾਵਨੀ ਦਿੱਤੀ ਗਈ ਕਿ ਹੋਰ ਜਨਮ ਤਾਂ ਮਿਲ ਜਾਣਗੇ ਲੇਕਿਨ ਇਹ ਜਨਮ (ਮਾਨਵ) ਵੱਡੇ ਭਾਗਾਂ ਨਾਲ ਮਿਲਦਾ ਹੈ। ਇਸ ਵਿਚ ਸਾਨੂੰ ਸਹਾਇ ਹੁੰਦੀ ਹੈ। ਭਲੇ-ਬੁਰੇ ਦੀ ਤਮੀਜ ਹੁੰਦੀ ਹੈ ਕਿ ਕਿਹੜੀ ਗੱਲ ਚੰਗੀ ਹੈ ਜਾਂ ਕਿਹੜੀ ਮਾੜੀ ਹੈ ? ਕਿਹੜੀ ਗੱਲ ਕਿਸ ਢੰਗ ਨਾਲ ਵੱਡੇ ਜਾਂ ਛੋਟੇ ਨਾਲ ਕਰਨੀ ਹੈ, ਸਾਰਾ ਪਤਾ ਹੁੰਦਾ ਹੈ ਲੇਕਿਨ ਫਿਰ ਵੀ ਅਸੀ ਕਦੇ ਕੋਈ ਨਾ ਕੋਈ ਅਜਿਹੀ ਗੱਲ ਕਰ ਜਾਂਦੇ ਹਾਂ ਜੋ ਉਸ ਵਿਅਕਤੀ ਦੇ ਬਾਰੇ ਵਿਚ ਨਹੀ ਕਰਨੀ ਚਾਹੀਦੀ। ਇਨਸਾਨ ਨੂੰ ਦਾਤਾਰ ਨੇ ਦਿਮਾਗ ਦਿੱਤਾ, ਦਿਲ ਦਿੱਤਾ, ਸਮਝ ਦਿੱਤੀ। ਕੋਈ ਕਿਸੇ ਨਾਲ ਗੱਲ ਕਰਦਾ ਹੈ ਤਾਂ ਕਹਿੰਦੇ ਹਨ ਕਿ ਸਮਝ ਨਾਲ ਕੰਮ ਲੈਣਾ। ਜੋ ਮੂੰਹ ਵਿਚ ਆਏ ਉਹ ਨਾ ਕਹਿ ਦੇਣਾ। ਲੇਕਿਨ ਸਾਧਸੰਗਤ, ਮਹਾਤਮਾ ਕਹਿੰਦੇ ਹਨ -

ਸਮਝ ਮਿਲੀ ਸੀ ਸਮਝਣ ਦੇ ਲਈ,
ਪਰ ਲਗ ਪਈ ਸਮਝਾਵਣ।

ਸਮਝ ਤਾਂ ਮਿਲੀ ਸੀ ਸਮਝਣ ਦੇ ਲਈ ਲੇਕਿਨ ਸਭ ਨੂੰ ਸਮਝਾਣਾ ਸ਼ੁਰੂ ਕਰ ਦਿੱਤਾ। ਜਿਵੇ ਇਕ ਲੜਕੀ ਦੀ ਸ਼ਾਦੀ ਹੋਈ। ਥੋੜ ਥੋੜੇ ਸਮੇ ਉਹ ਉਥੇ ਰਹੀ ਅਤੇ ਫਿਰ ਆਪਣੇ ਮਾਇਕੇ ਚਲੀ ਗਈ। ਉਹ ਦੂਜਿਆ ਨੂੰ ਕਹਿੰਦੀ ਹੈ ਕਿ ਸਹੁਰਾ ਘਰ ਬੜਾ ਚੰਗਾ ਹੁੰਦਾ ਹੈ। ਬਹੁਤ ਤਰੀਫਾਂ ਕਰਨ ਲੱਗੀ। ਕਿਸੇ ਨੇ ਪੁਛਿਆ, ''ਤੂੰ ਆਣੀ ਗੱਲ ਦੱਸ।'' ਉਹ ਸ਼ਰਮਸਾਰ ਹੋ ਕੇ ਕਹਿਣ ਲੱਗੀ ਕਿ ''ਮੈਂ ਤਾ ਇਕ ਵਾਰ ਗਈ ਸੀ, ਫਿਰ ਨਹੀ ਗਈ।'' ਇਸ ਤੇ ਕਹਿਣ ਵਾਲੇ ਕਹਿਣ ਲੱਗੇ ਕਿ ਖੁਦ ਤਾਂ ਗਈ ਨਹੀ ਅਤੇ ਹੋਰਾਂ ਨੂੰ ਬਹੁਤ ਮੱਤ ਦੇ ਰਹੀ ਹੈ। ਜਿਵੇ ਕਿਹਾ ਹੈ ਕਿ —

ਪਹਿਲਾਂ ਮਨ ਪ੍ਰਬੋਧੇ ਅਪਣਾ ਪਾਛੈ ਅਵਰ ਰਿਝਾਓ।।

ਜਿੰਨੇ ਵੀ ਮਹਾਤਮਾ ਇਥੇ ਬੈਠੇ ਹਨ, ਉਨ੍ਹਾਂ ਦੇ ਮਨ ਨੂੰ ਚੈਨ-ਸਕੂਨ-ਸ਼ਾਂਤੀ ਮਿਲੀ ਤਾਂ ਹੀ ਅੱਜ ਉਚੀਆਂ-ਉਚੀਆਂ ਆਵਾਜਾਂ ਦੇ ਰਹੇ ਹਨ ਕਿ ਸਾਨੂੰ ਅਜਿਹਾ ਮਹਾਰਾਜ ਮਿਲਿਆ ਹੈ, ਜਿਨਾਂ ਸਾਡਾ ਲੋਕ-ਪਰਲੋਕ ਦੋਨੋਂ ਸੁਹੇਲਾ ਕਰ ਦਿੱਤਾ ਹੈ। ਇਹ ਲੋਕ ਵਿਚ, ਜਿਹਾ ਵਿਚ ਆਈ ਰਹਿ ਰਹੇ ਹਾਂ ਸਭ ਕੁਝ

ਮਾਣੇ ਕੋਲ ਹੁੰਦਾ ਹੈ ਕਿਸੇ ਗੱਲ ਦੀ ਕਮੀ ਨਹੀਂ ਹੁੰਦੀ ਫਿਰ ਵੀ ਹਾ-ਹਾ ਕਾਰ ਮਚੀ ਹੋਈ ਹੈ। ਦੁਨੀਆ ਵਿਚ ਰਹਿੰਦੇ ਹਾਂ ਦੇਖਣ-ਸੁਣਨ ਨੂੰ ਮਿਲਦਾ ਹੈ। ਤਾਰੀਫ਼ ਵੀ ਹੁੰਦੀ ਹੈ, ਧਨ-ਦੌਲਤ ਵੀ ਹੁੰਦੀ ਹੈ, ਜਾਇਦਾਦ ਵੀ ਹੁੰਦੀ ਹੈ ; ਫਿਰ ਵੀ ਮਨ ਨੂੰ ਸਕੂਨ ਨਹੀਂ। ਦੇਖਿਆ ਜਾਂਦਾ ਹੈ ਕਿ ਜਦ ਬੱਚੇ ਨਾਲਾਇਕ ਨਿਕਲਦੇ ਹਨ ਤਾਂ ਮਾ-ਬਾਪ ਕਹਿ ਦੇਂਦੇ ਹਨ ਕਿ ਮੈਂ ਤਾਂ ਬੜਾ ਮੰਗ-ਮੰਗਾ ਕੇ ਲਿਆ ਸੀ। ਇਹ ਤਾਂ ਐਸਾ ਨਾਲਾਇਕ ਨਿਕਲਿਆ ਕਿ ਮੈਨੂੰ ਵੀ ਗਾਲ੍ਹਾਂ ਕੱਢ ਦੇਂਦਾ ਹੈ। ਮਾਂ ਕਹਿੰਦੀ ਹੈ ਕਿ ਜੇ ਪੈਦਾ ਹੀ ਨਾ ਹੁੰਦਾ ਤਾਂ ਚੰਗਾ ਸੀ। ਕਹਿਣ ਦਾ ਭਾਵ-

ਨਾਨਕ ਦੁਖੀਆ ਸਭ ਸੰਸਾਰ

ਕਹਿੰਦੇ ਹਨ ਕਿ ਇਸ ਸੰਸਾਰ ਵਿਚ ਹਰ ਇਨਸਾਨ ਦੁਖੀ ਹੈ। ਇਕ ਵਾਰ ਕਹੋ ਕਿ ਮੈਨੂੰ ਬੁਖਾਰ ਹੋ ਗਿਆ ਤਾਂ ਅੱਗੋਂ ਅਗਲੀ ਕਯਾ ਕਹੇਗਾ ਕਿ ਮੈਨੂੰ ਤਾਂ ਪੈਰ ਦੀ ਹੈ। ਨੀਂਦ ਵੀ ਨਹੀਂ ਆਉਂਦੀ। ਚੈਨ ਨਹੀਂ ਹੈ। ਪਤਾ ਨਹੀਂ ਕਿੰਨੀਆਂ ਬੀਮਾਰੀਆਂ ਅਤੇ ਪ੍ਰੇਸ਼ਾਨੀਆਂ ਸਾਹਮਣੇ ਰੱਖ ਦੇਵੇਗਾ। ਇਹ ਸੰਤ-ਮਹਾਤਮਾ, ਸੰਤਾਂ ਦੇ ਅਜਿਹੇ ਸੰਮੇਲਨ ਇਸਲਈ ਕਰਦੇ ਹਨ ਕਿਉਂਕਿ ਇਸ ਵਿਚ ਬੈਠ ਕੇ ਅਸੀਂ ਆਪਣੇ ਮਨ ਨੂੰ ਸਕੂਨ ਦੇ ਸਕੀਏ।

ਕਲ ਤੋਂ ਹੁਣ ਤਕ ਕਿੰਨੇ ਹੀ ਸੰਤ-ਮਹਾਤਮਾ ਹਰ ਭਾਸ਼ਾ ਵਿਚ ਬੋਲੇ। ਇਸ ਮਨ ਨੂੰ ਚੈਨ-ਸਕੂਨ ਮਿਲਿਆ। ਭਾਸ਼ਾ ਸਮਝ ਵਿਚ ਨਹੀਂ ਆਈ ਲੇਕਿਨ ਬੋਲਣ ਦਾ ਢੰਗ ਦੇਖ ਕੇ ਖੁਸ਼ੀ ਮਿਲਦੀ ਸੀ। ਸਾਡਾ ਆਉਂਦਾ ਜੀ ਕਿ ਇਹ ਉਹੀ ਗੱਲ ਕਹਿ ਰਿਹਾ ਹੈ ਜੋ ਅਸੀਂ ਕਹੀ। ਭਾਸ਼ਾ ਤਾਂ ਆਪ ਜਾਣਦੇ ਹੋ ਕਿ ਅਨੇਕਾਂ ਭਾਸ਼ਾਵਾਂ ਸਾਡੇ ਦੇਸ਼ ਵਿਚ ਹਨ। ਥੋੜੀ-ਥੋੜੀ ਦੂਰੀ ਤੇ ਭਾਸ਼ਾ ਬਦਲ ਜਾਂਦੀ ਹੈ। ਉਹ ਭਾਸ਼ਾ ਸਮਝ ਆਏ ਜਾਂ ਨਾ ਲੇਕਿਨ ਭਗਤੀ ਦੀ ਭਾਸ਼ਾ ਸਮਝ ਆ ਜਾਂਦੀ ਹੈ। ਇਹ ਤੇਰੀ ਆਤਮਾ ਹੈ, ਇਹ ਪਰਮਾਤਮਾ ਹੈ। ਪਾਣੀ ਪੀਣ ਨਾਲ ਹੀ ਪਿਆਸ ਬੁਝੇਗੀ। ਇਸੇ ਤਰ੍ਹਾਂ ਨਾਲ ਸੰਤ ਵੀ ਇਹੀ ਕਹਿੰਦੇ ਹਨ ਕਿ –

ਏਕੋ ਸਿਮਰੋ ਨਾਨਕਾ ਜੋ ਜਲ-ਥਲ ਰਹਿਆ ਸਮਾਹਿ।
ਦੂਜਾ ਕਾਹੇ ਸਿਮਰੀਐ ਜੋ ਜੰਮੈ ਤੇ ਮਰ ਜਾਇ।

ਇਕ ਦਾ ਸਿਮਰਨ ਕਰ, ਦੂਜੇ ਦਾ ਕੀ ਕਰਨਾ। ਬਾਕੀ ਸਭ ਜਨਮ-ਮਰਨ ਦੇ ਦੌਰ ਵਿਚ ਹੈ। ਆਵਾਗਵਨ ਦੇ ਘੇਰੇ ਵਿਚ ਹੈ। ਨਿਰੰਕਾਰ ਹੀ ਸੱਚ ਹੈ, ਜਿਹਾ ਦੇ ਬਾਰੇ ਜ਼ਿਕ ਕਿਹਾ ਗਿਆ ਹੈ –

ਜੋ ਤੁਧੁ ਭਾਵੈ ਸਾਈ ਭਲੀ ਕਾਰ੍ਹ।।
ਤੂ ਸਦਾ ਸਲਾਮਤਿ ਨਿਰੰਕਾਰ।

ਹਰ ਰੋਜ਼ ਪਾਵਨ ਬਾਣੀਆਂ ਨੂੰ ਪੜ੍ਹਦੇ-ਸੁਣਦੇ ਹਾਂ। ਇਨ੍ਹਾਂ ਸੰਤਾਂ-ਮਹਾਤਮਾਵਾਂ ਨੇ ਆਪਣੇ-ਆਪਣੇ ਢੰਗ ਨਾਲ ਗੱਲ ਇਕ ਹੀ ਕਹੀ, ਜੋ ਮੈਂ ਕਹਿ ਰਹੀ ਹਾਂ। ਮਹਾਤਮਾ ਕਹਿੰਦੇ ਹਨ –

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ।
ਬਿਨੁ ਬੂਝੇ ਤੂੰ ਸਦਾ ਨਾਪਾਕ।

ਇਕ ਵਸਤੂ ਨੂੰ ਜਾਣ ਲਿਆ ਤਾਂ ਤੇਰਾ ਦੁਨੀਆ ਵਿਚ ਆਉਣਾ ਸਫ਼ਲ ਹੋ ਗਿਆ।

ਸਾਧਸੰਗਤ ! ਸਮਾਂ ਵੀ ਕਾਫੀ ਅੱਗੇ ਵੱਧ ਚੁਕਿਆ ਹੈ। ਆਪਣੇ ਬਾਬਾ ਜੀ ਤੋ ਵੀ ਅਸ਼ੀਰਵਾਦ ਲੈਣੀ ਹੈ। ਗੱਲ ਤਾ ਇਕ ਹੀ ਹੈ ਚਾਹੇ ਘੰਟਿਆਂ-ਘੰਟਿਆਂ ਬੋਲਦੇ ਜਾਈਏ, ਚਾਹੇ ਕੁਝ ਮਿੰਟਾਂ ਵਿਚ ਹੀ ਖਤਮ ਕਰ ਦੇਈਏ। ਇਹੀ ਪ੍ਰਾਰਥਨਾ ਹੈ ਕਿ ਦਾਤਾਰ ਕ੍ਰਿਪਾ ਕਰਨਾ, ਸੰਤਾਂ ਦਾ ਸੰਗ ਦੇਣਾ –

ਸੰਗ ਤਾਰੇ ਸੰਗ ਡੋਬੇ।

ਘਰ ਵਿਚ ਬੱਚਾ ਹੁੰਦਾ ਹੈ ਜਦ ਉਹ ਚੰਗੀ ਸੰਗਤ ਵਿਚ ਪੈ ਜਾਂਦਾ ਹੈ ਤਾਂ ਚੰਗਾ ਬਣ ਜਾਂਦਾ ਹੈ ਅਤੇ ਬੁਰੀ ਸੰਗਤ ਮਿਲ ਜਾਂਦੀ ਹੈ ਤਾਂ ਬੁਰਾ ਬਣ ਜਾਂਦਾ ਹੈ ਇਸਲਈ ਕਿਹਾ ਹੈ ਕਿ ਸੰਗਤ ਦਾ ਬੜਾ ਅਸਰ ਹੁੰਦਾ ਹੈ। ਜੋ ਸੰਤਾਂ ਦੀ ਸੰਗਤ ਕਰਦਾ ਹੈ ਸੰਤ ਹੀ ਬਣ ਜਾਂਦਾ ਹੈ। ਜੋ ਬੁਰੀ ਸੰਗਤ ਵਿਚ ਪੈ ਜਾਂਦਾ ਹੈ ਉਸਦਾ ਜੀਵਨ ਹੀ ਵਿਗੜ ਜਾਂਦਾ ਹੈ।

ਸਾਧਸੰਗਤ, ਇਹੀ ਪ੍ਰਾਰਥਨਾ, ਇਹੀ ਅਰਦਾਸ ਕਰੀਏ ਕਿ ਦਾਤਾਰ ਕ੍ਰਿਪਾ ਕਰਨਾ ਕਿ ਸੰਤਾਂ ਦਾ ਸੰਗ ਦਿੱਤਾ ਹੈ ਤਾਂ ਬਾਕੀ ਦਾ ਜੀਵਨ ਸੰਤਾਂ ਦੀ ਸੰਗਤ ਵਿਚ ਹੀ ਬੀਤੇ।

ਸਾਧ ਸੰਗਤ ਜੀ, ਧੰਨ ਨਿਰੰਕਾਰ।

(ਸੰਕ੍ਰਿਪਤਕਰਤਾ - **ਰਾਜਪਾਲ ਨਾਸਾ**)

ਸਤਿਗੁਰੂ ਦੇ ਦਰਸ਼ਨਾਂ ਨਾਲ ਵਿਖਿਆ ਹਰ ਪਾਸੇ ਪਿਆਰ ਦਾ ਖੁਮਾਰ

ਮਿਲਿਆ ਭਗਤੀ ਨੂੰ ਆਧਾਰ, ਜੁੜੇ ਦਿਲ ਦੇ ਤਾਰ

■ ਸ਼੍ਰੀਰਾਮ ਪ੍ਰਜਾਪਤੀ

ਦਿੱਲੀ, 16 ਨਵੰਬਰ। ਨਿਰੰਕਾਰੀ ਸੰਤ ਸਮਾਗਮ ਦੇ ਦੌਰਾਨ ਦੇਸ਼ ਦੇ ਦੂਰ-ਦਰਾਡੇ ਦੇ ਖੇਤਰਾਂ ਤੋਂ ਆਏ ਭਗਤਜਨ ਜਿਸ ਪ੍ਰੋਗਰਾਮ ਦੀ ਸਭ ਤੋਂ ਬੇਸਬਰੀ ਨਾਲ ਉਡੀਕ ਕਰਦੇ ਹਨ, ਉਹ ਹੈ - ਸਵੇਰ ਦਾ ਦਰਸ਼ਨ ਪ੍ਰੋਗਰਾਮ, ਅਰਥਾਤ ਸਤਿਗੁਰੂ ਦੇ ਦੈਵੀ ਦਰਸ਼ਨ। ਇਸ ਵਾਰ ਇਹ ਪ੍ਰੋਗਰਾਮ ਮੈਦਾਨ ਨੰ. 1 ਅਤੇ 2 ਵਿੱਚ ਹੀ ਹੋ ਸਕਿਆ ਕਿਉਂਕਿ ਸਮਾਪਨ ਪੜਾਅ ਦੇ ਬਾਦ ਰਾਤ ਵਿੱਚ ਹੋਈ ਵਰਖਾ ਨਾਲ ਮੈਦਾਨਾਂ ਵਿੱਚ ਪਾਣੀ ਭਰ ਗਿਆ ਜਿਸ

ਕਾਰਣ ਅਗਲੇ ਦਿਨ ਭਾਵ ਕਿ 17 ਨਵੰਬਰ ਨੂੰ ਮੈਦਾਨ ਨੰ: 3 ਅਤੇ 4 ਵਿੱਚ ਹੋਣ ਵਾਲਾ ਦਰਸ਼ਨ ਪ੍ਰੋਗਰਾਮ ਰੱਦ ਕਰਨਾ ਪਿਆ।

✿ 62ਵੇਂ ਸੰਤ ਸਮਾਗਮ ਦੇ ਤੀਸਰੇ ਦਿਨ ਦੀ ਪਹਿਲੀ ਕਿਰਣ ਨਾਲ ਹੀ ਮੈਦਾਨ ਨੰ: 1 ਦੇ ਭਗਤਜਨ ਸਤਿਗੁਰੂ ਦੀ ਦੈਵੀ ਝਲਕ ਪਾਉਣ ਲਈ ਵਿਆਕੁਲ ਨਜ਼ਰ ਆਏ। ਸਵੇਰੇ ਸੱਤ ਵਜੇ ਉਹਨਾਂ ਦੇ ਉਡੀਕ ਦੀ ਘੜੀ ਸਮਾਪਤ ਹੋਈ ਜਦ ਸਤਿਗੁਰੂਦੇਵ ਜੀ ਨੇ ਆਕਰਸ਼ਕ ਢੰਗ ਨਾਲ ਸਜਾਈ ਗਈ ਪਾਲਕੀ ਵਿੱਚ ਬਿਰਾਜਮਾਨ ਹੋ ਕੇ ਭਗਤਾਂ ਨੂੰ ਆਪਣੇ ਦੈਵੀ-ਦਰਸ਼ਨਾਂ ਨਾਲ ਆਤਮ-ਤ੍ਰਿਪਤੀ ਪ੍ਰਦਾਨ ਕੀਤੀ।

✿ ਅਨੋਖੀ ਖਿਚ ਸ਼ਕਤੀ ਦੇ ਸਹਾਰੇ ਭਗਤਾਂ ਨੂੰ ਆਪਣੇ ਵੱਲ ਖਿਚਣ ਵਾਲੇ ਸਤਿਗੁਰੂਦੇਵ ਹਰਦੇਵ ਜੀ ਪਾਲਕੀ ਵਿੱਚ ਸਵਾਰ ਹੁੰਦੇ ਹੀ ਮਧੁਰ ਮੁਸਕਾਨ ਰਾਹੀ ਭਗਤਜਨਾਂ ਨੂੰ ਨਿਹਾਲ ਕੀਤਾ। ਸਤਿਗੁਰੂ ਦੇ ਸੁਆਗਤ ਦੇ ਨਾਲ ਸੰਗਤ ਰਾਹੀ ਹੱਥ ਹਿਲਾਉਂਦੇ ਹੀ ਸੈਕੜੇ ਹੱਥ ਇੱਕਠੇ ਉਠ ਰਹੇ ਸਨ। ਭਗਤਾਂ ਦਾ ਸੁਆਗਤ ਸਵੀਕਾਰ ਕਰਦੇ ਹੋਏ ਸਤਿਗੁਰੂ ਸਭ ਨੂੰ ਖੁਸ਼ੀ ਪ੍ਰਦਾਨ ਕਰ ਰਹੇ ਸਨ।

✿ ਇਸ ਦੌਰਾਨ ਕੇਵਲ ਭਾਰਤੀ ਹੀ ਨਹੀਂ ਬਲਕਿ ਦੂਰ-ਦੇਸਾਂ ਤੋਂ ਆਏ ਭਗਤਜਨ ਵੀ ਇਸ ਅਨੋਖੇ ਦ੍ਰਿਸ ਨੂੰ ਨਿਹਾਰ ਕੇ ਮਨ ਹੀ ਮਨ ਗਦਗਦ ਹੋ ਰਹੇ ਸਨ। ਇਹ ਅਜਿਹਾ ਨਜ਼ਾਰਾ ਹੈ ਕਿ ਹਰ ਕੋਈ ਗੁਰੂਦੇਵ ਦੀ ਇਕ ਝਲਕ ਪਾਉਣ ਲਈ ਵਿਆਕੁਲ ਰਹਿੰਦਾ ਹੈ। ਦਰਸਨ ਕਰਦੇ ਹੀ ਉਹਨਾਂ ਦਾ ਮਨ ਮੋਰ ਨੱਚ ਉਠਦਾ ਹੈ ਅਤੇ ਇਹਨਾਂ ਗੀਤਾਂ ਦੇ ਬੋਲ ਸਹਿਜ ਪ੍ਰਗਟ ਹੁੰਦੇ ਹਨ —

ਰੂਹ ਗਦ ਗਦ ਹੋ ਗਈ ਏ,
ਦਾਤਿਆ ਦਰਸ਼ਨ ਕਰਕੇ ਤੇਰੇ।

ਅਤੇ

ਮਨ ਪਾਵਨ ਹੋ ਜਾਤਾ ਹੈ,
ਮਨ ਨਿਰਮਲ ਹੋ ਜਾਤਾ ਹੈ,
ਸਤਿਗੁਰੂ ਕੇ ਦਰਸਨ ਸੇ।

✿ ਸਤਿਗੁਰੂ ਦੇ ਪ੍ਰਤੀ ਭਗਤਾਂ ਦੀ ਅਥਾਹ ਸ਼ਰਧਾ ਅਤੇ ਦ੍ਰਿੜ ਆਸਥਾ ਦਾ ਇਹ ਨਜ਼ਾਰਾ ਦੈਵੀ ਬਣ ਜਾਂਦਾ ਹੈ ਜਦ ਭਗਤਜਨ ਆਪਣੀਆਂ ਅੱਖਾਂ ਨੂੰ ਝਿਪਤ ਕਰਕੇ ਆਤਮਿਕ ਖੁਸ਼ੀ ਦਾ ਅਨੁਭਵ ਕਰਦੇ ਹਨ। ਉਮੜਦਾ ਪਿਆਰ, ਅੱਖਾਂ ਤੋ ਛਲਕ ਉਠਦਾ ਹੈ। ਨਵੀਂ ਤਾਜ਼ਗੀ ਅਤੇ ਉਤਸ਼ਾਹ ਦਾ ਸੰਚਾਰ ਕਰ ਜਾਂਦਾ ਹੈ।

✿ ਜਿਥੇ ਭਗਤਜਨ ਗੁਰੂ ਦੇ ਪ੍ਰੇਮ ਵਿੱਚ ਸਰਾਬੋਰ ਹਨ ਉਥੇ ਸਤਿਗੁਰੂ ਵੀ ਮਧੁਰ ਮੁਸਕਾਨ ਰਾਹੀ ਉਹਨਾਂ ਨੂੰ ਖੁਸ਼ੀ ਪ੍ਰਦਾਨ ਕਰ ਰਹੇ ਹਨ। ਸਤਿਗੁਰੂ ਦੇ ਦਰਸ਼ਨਾਂ ਨਾਲ ਭਗਤਾਂ ਨੂੰ ਆਨੰਦ ਦਾ ਜੋ ਅਹਿਸਾਸ ਹੁੰਦਾ ਹੈ ਉਹਨੂੰ ਬੋਲਾਂ ਰਾਹੀ ਬਿਆਨ ਨਹੀ ਕੀਤਾ ਜਾ ਸਕਦਾ। ਇਕ ਝਲਕ ਪਾ ਕੇ ਅਤੇ ਦੈਵੀ-ਦ੍ਰਿਸ਼ਟੀ ਪੈਂਦੇ ਹੀ ਉਹ ਆਤਮ-ਵਿਭੋਰ ਹੋ ਉਠਦੇ ਹਨ।

✿ ਪ੍ਰਭੂ-ਭਗਤੀ ਵਿੱਚ ਰੰਗੇ ਇਹ ਭਗਤਜਨ ਝੂੰਮਦੇ ਅਤੇ ਗਾਉਂਦੇ ਚਲ ਰਹੇ ਹਨ। ਆਪਣੇ-ਆਪਣੇ ਖੇਤਰ ਦੀ ਪਰੰਪਰਿਕ ਪੋਸ਼ਾਕ ਅਤੇ ਭਾਸ਼ਾ ਵਿੱਚ ਲੋਕ ਧੁਨਾ ਤੇ ਵੀ



ਗਾ ਰਹੇ ਹਨ। ਦੇਸ਼ ਦੇ ਵਿਭਿੰਨ ਪ੍ਰਾਂਤਾਂ ਦੀਆਂ ਵਿਭਿੰਨ ਸੰਸਕ੍ਰਿਤੀਆਂ ਦੇ ਬਾਵਜੂਦ ਸੰਸਕ੍ਰਿਤਕ ਏਕਤਾ ਦਾ ਦ੍ਰਿਸ਼ ਸਾਕਾਰ ਕਰਕੇ **'ਵਿਭਿੰਨਤਾ ਵਿੱਚ ਇਕਰੂਪਤਾ'** ਦੇ ਦਰਸ਼ਨ ਕਰਾਏ ਗਏ।

ਕਿਉਂਕਿ 17 ਨਵੰਬਰ ਨੂੰ ਮੈਦਾਨ ਨੰ. 3 ਅਤੇ 4 ਵਿੱਚ ਦਰਸ਼ਨ ਪ੍ਰੋਗਰਾਮ ਨਹੀਂ ਹੋ ਸਕਿਆ ਸੀ, ਇਸ ਕਾਰਣ ਭਗਤਾਂ ਨੂੰ ਖੁਸ਼ੀ ਪ੍ਰਦਾਨ ਕਰਨ ਲਈ ਗਰੀਬ-ਨਿਵਾਜ ਦਾ ਹਿਰਦਾ ਵੀ ਉਹਨਾਂ ਨੂੰ ਦਰਸ਼ਨ ਦੇਣ ਲਈ ਵਿਆਕੁਲ ਨਜ਼ਰ ਆਇਆ ਅਤੇ ਇਹੀ ਕਾਰਣ ਹੈ ਕਿ ਦੁਪਹਿਰ ਬਾਦ ਕਰੀਬ ਪੌਣੇ ਤਿੰਨ ਵਜੇ, ਇਹ ਦਿਆਲੂ ਚਲ ਪਏ, ਉਹਨਾਂ ਨੂੰ ਤ੍ਰਿਪਤ ਕਰਨ ਗਾਂਧੀ ਵਿਹਾਰ ਵਲੋਂ ਗੱਡੀਆਂ ਦੇ ਕਾਫ਼ਿਲੇ ਨੇ ਮੈਦਾਨ ਨੰ. 4 ਵਿਚ ਪ੍ਰਵੇਸ਼ ਕੀਤਾ। ਗੱਡੀ ਵਿੱਚ ਖੜੇ ਹੋ ਕੇ ਹੀ ਦਰਸ਼ਨ ਦੇਂਦੇ ਹੋਏ ਚਲਦੇ ਰਹੇ। ਇਸ ਪ੍ਰਕਾਰ ਇਹਨਾਂ ਦੋ ਮੈਦਾਨਾਂ ਦੇ ਭਗਤਾਂ ਦੀ ਇੱਛਾ ਕੁਝ ਹਦ ਤਕ ਪੂਰਣ ਹੋਈ।

✿ ਇਸ ਵਾਰ ਰਿਹਾਇਸ਼ੀ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਕਿ ਓ ਪ੍ਰ ਨੂੰ ਮੈਦਾਨ ਨੰ 1, 3 ਅਤੇ 4 ਵਿੱਚ ਸਥਾਨ ਦਿੜਾ ਗਿਆ ਮਹਾਂਰਾਸ਼ਟਰ ਦੇ ਲਈ ਵੀ ਰਿਹਾਇਸ਼ੀ ਪ੍ਰਬੰਧ ਮੈਦਾਨ ਨੰ 3 ਅਤੇ 4 ਵਿੱਚ ਸੀ। ਪੰਜਾਬ ਦੇ ਮੈਦਾਨ ਨੰ 1 ਅਤੇ 2 ਵਿਚ, ਚੰਡੀਗੜ੍ਹ ਨੂੰ ਮੈਦਾਨ ਨੰ 2 ਵਿੱਚ ਰਾਜਸਥਾਨ, ਹਰਿਆਣਾ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਦੀ ਮੈਦਾਨ ਨੰ 1 ਵਿੱਚ ਰਿਹਾਇਸ਼ ਸੀ। ਮੈਦਾਨ ਨੰ 4 ਵਿੱਚ ਇਸ ਵਾਰ ਬਿਹਾਰ, ਝਾਰਖੰਡ, ਗੁਜਰਾਤ, ਮੱਧ- ਪ੍ਰਦੇਸ਼, ਪੱਛਮੀ ਬੰਗਾਲ ਅਤੇ ਉਤਰਾਖੰਡ ਦੀਆਂ ਸੰਗਤਾਂ ਲਈ ਰਿਹਾਇਸ਼ ਦੀ ਵਿਵਸਥਾ ਕੀਤੀ ਗਈ ਸੀ। ◆



ਜੁਬਾਂ ਤੇ ਸੀ-ਤੂੰ ਹੀ ਨਿਰੰਕਾਰ, 'ਵਿਸ਼ਵ ਪਿੰਡ' ਦੇ ਰੂਪ ਨੂੰ ਕੀਤਾ ਸਾਕਾਰ

ਝਲਕੀਆਂ

* 62ਵੇਂ ਸੰਤ ਸਮਾਗਮ ਦਾ ਮੁਖ ਵਾਕ **ਜਗ ਉਜਿਆਰਾ ਹੋ ਜਏਗਾ, ਮਨ ਮੰਦਿਰ ਕੇ ਦੀਪ ਜਲਾਏ।** ਸਮਾਗਮ ਪੰਡਾਲ ਦੇ ਮੁਖ ਮੰਚ ਤੇ ਪ੍ਰਦਰਸ਼ਿਤ ਕੀਤਾ ਗਿਆ ਜੋ ਇਹ ਸੰਦੇਸ਼ ਦੇ ਰਿਹਾ ਸੀ ਕਿ ਮਨ ਵਿੱਚ ਗਿਆਨ ਦਾ ਦੀਪ ਜਗਾ ਕੇ ਕਿਸੇ ਨੂੰ ਵੀ ਰੋਸ਼ਨ ਕੀਤਾ ਜਾ ਸਕਦਾ ਹੈ।

* ਦੇਸ਼ ਦੇ ਦੂਰ-ਦੁਰਾਡੇ ਖੇਤਰਾਂ ਤੋਂ ਆਏ ਸ਼ਰਧਾਲੂਆਂ ਨੇ ਭਰਪੂਰ ਆਨੰਦ ਲਿਆ। ਇੱਥੋਂ ਤਕ ਕਿ ਜਦ ਤੀਸਰੇ ਦਿਨ ਸਮਾਧਨ ਪੜਾਅ ਦੇ ਬਾਦ ਰਾਤ ਨੂੰ ਤੇਜ਼ ਵਰਖਾ ਹੋਈ ਅਤੇ ਸਤਿਗੁਰੂ ਬਾਬਾ ਜੀ ਜਦ ਮੈਦਾਨਾਂ ਵਿੱਚ ਪਹੁੰਚੇ ਤਾ ਦਰਸ਼ਨ ਕਰਕੇ ਉਹਨਾਂ ਦੇ ਹਿਰਦੇ ਗਦਗਦ ਹੋ ਗਏ ਅਤੇ ਵਰਖਾ ਨੂੰ ਭੁਲ ਕੇ **ਰੂਹ ਗਦ ਗਦ ਹੋ ਗਈ ਏ ਦਾਤਿਆ ਦਰਸ਼ਨ ਕਰਕੇ ਤੇਰੇ...** ਗਾਉਣ ਲੱਗੇ।

* ਸਮਾਗਮ ਦੇ ਪਹਿਲੇ ਦਿਨ ਦੇਰ ਰਾਤ ਤਕ ਸਤਿਗੁਰੂ ਬਾਬਾ ਜੀ ਮੈਦਾਨਾਂ ਦਾ ਨਿਰੀਖਣ ਕਰ ਰਹੇ ਸਨ ਤਾਂ ਮੈਦਾਨ ਨੰ: 4 ਵਿੱਚ ਦੇ ਢਾਈ ਹਜਾਰ ਭਗਤਜਨ ਪ੍ਰਮੁੱਖ ਵਿੱਚ ਹੀ ਆਰਾਮ ਕਰ ਰਹੇ ਸਨ, ਕਿਉਂਕਿ ਸਾਰੇ ਟੈਂਟ ਖਚਾਖਚ ਭਰ ਚੁੱਕੇ ਸਨ, ਜਦ ਉਹਨਾਂ ਨੂੰ ਕਿਹਾ ਗਿਆ ਕਿ ਲੰਗਰ ਵਾਲੇ ਸੈਡ ਵਿੱਚ ਚਲੇ ਜਾਉ ਤਾ ਉਹ ਕਹਿਣ ਲੱਗੇ - ਸਾਨੂੰ ਇਥੇ ਬੜਾ ਆਨੰਦ ਆ ਰਿਹਾ ਹੈ। ਅਜਿਹਾ ਉਤਸਾਹ ਅਤੇ ਜਜ਼ਬਾ ਕਿਥੇ ਦੇਖਣ ਨੂੰ ਮਿਲਦਾ ਹੈ।

* ਸਮਾਗਮ ਵਿੱਚ ਆਏ ਮਹਾਤਮਾਵਾਂ ਦੀ ਸਹੂਲਤ ਲਈ ਲਾਇਟ ਇਲਕਟ੍ਰਾਨਿਕ ਡਿਸਪਲੇ ਲਗਾਏ ਗਏ ਜਿਨ੍ਹਾਂ ਤੇ ਜ਼ਰੂਰੀ ਬੇਨਤੀਆਂ ਪ੍ਰਦਰਸ਼ਿਤ ਕੀਤੀਆਂ ਜਾ ਰਹੀਆਂ ਸਨ।

* **ਪਿਛਲੇ ਸਾਲ ਦੀ ਤਰ੍ਹਾ ਇਸ ਸਾਲ ਵੀ ਪਾਕਿਸਤਾਨ ਤੋਂ 36 ਮਹਾਤਮਾਵਾਂ ਦਾ ਇਕ ਜਥਾ ਸਮਾਗਮ ਵਿੱਚ ਸ਼ਾਮਿਲ ਹੋਇਆ। ਇਹ ਮਹਾਤਮਾ ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਦੇ ਸ੍ਰੀ ਜੈਰਾਮਦਾਸ ਦੀ ਅਗਵਾਈ ਹੇਠ ਇਥੇ ਪਹੁੰਚੇ। ਜਦ ਉਹਨਾਂ ਨੇ ਆਪਣੇ ਵਿਚਾਰਾਂ ਵਿੱਚ ਜਲਦੀ ਪਾਕਿਸਤਾਨ ਵਿੱਚ ਵੀ ਸੰਤ ਸਮਾਗਮ ਆਯੋਜਿਤ ਹੋਣ ਦੀ ਭਾਵਨਾ ਰੱਖੀ ਤਦ ਸਮਾਗਮ ਪੰਡਾਲ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉਠਿਆ।**

* ਮੁਖ ਸਮਾਰੋਹ ਮੈਦਾਨ ਨੰ: 2 ਵਿੱਚ ਦੁਰਸੰਚਾਰ, ਰੇਲਵੇ ਆਰਕਸ਼ਣ, ਸੰਤ ਨਿਰੰਕਾਰੀ ਮੰਡਲ ਦਾ ਦਫ਼ਤਰ, ਸਮਾਗਮ ਸੰਚਾਲਨ ਕਮੇਟੀ ਦਫ਼ਤਰ, ਸੈਦਾਦਲ ਦਾ ਕੇਦਰੀ ਦਫ਼ਤਰ, ਲੇਖਾ-ਜੋਖਾ, ਪਕ੍ਰਿਆ ਵਿਭਾਗ, ਸੰਪਾਦਕੀ ਘਰ, ਕਵੀ ਸਭਾ ਅਤੇ ਪ੍ਰਚਾਰ ਵਿਭਾਗ ਦੇ ਦਫ਼ਤਰ ਸਨ।

* **ਪ੍ਰਚਾਰ ਵਿਭਾਗ ਰਾਹੀਂ ਸਾਰੇ ਮੈਦਾਨਾਂ ਵਿੱਚ ਬ੍ਰਹਮ ਗਿਆਨ ਪ੍ਰਦਾਨ ਘਰ ਬਣਾਏ ਗਏ ਜਿਥੇ ਹਿੰਦੀ, ਪੰਜਾਬੀ, ਅੰਗ੍ਰੇਜ਼ੀ ਦੇ ਇਲਾਵਾ ਬਾਕੀ ਭਾਸ਼ਾਵਾਂ ਵਿੱਚ ਵੀ ਬ੍ਰਹਮ ਗਿਆਨ ਪ੍ਰਦਾਨ ਕਰਨ ਦੀ ਸਹੂਲਤ ਸੀ।**

* ਸਾਰੇ ਮੈਦਾਨਾਂ ਵਿੱਚ ਦਿੱਲੀ ਅਤੇ ਦਿੱਲੀ ਤੋਂ ਬਾਹਰ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਾਰਕਿੰਗ ਦੀ ਵਿਵਸਥਾ ਕੀਤੀ ਗਈ ਸੀ ਜਿਸ ਵਿੱਚ 5000 ਗੱਡੀਆਂ ਦੀ ਪਾਰਕਿੰਗ ਦੀ ਸਹੂਲਤ ਸੀ। ਦਿੱਲੀ ਟ੍ਰਾਂਸਪੋਰਟ ਨਿਗਮ ਰਾਹੀਂ ਆਉਣ ਵਾਲਿਆਂ ਲਈ 120 ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ।

* ਵਿਸ਼ਵ ਦੇ ਬਾਕੀ ਦੇਸ਼ਾਂ ਤੋਂ ਆਏ ਸ਼ਰਧਾਲੂ ਉਤਸ਼ਾਹ ਨਾਲ ਸ਼ਾਮਿਲ ਹੋਏ ਜਿਹਨਾ ਵਿੱਚ ਇੰਗਲੈਂਡ, ਅਮਰੀਕਾ, ਕਨਾਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ,

ਬੈਲਜੀਅਮ, ਸਪੇਨ ਸਿੰਗਾਪੁਰ, ਮਲੇਸ਼ੀਆ, ਹਾਂਗਕਾਂਗ, ਆਸਟ੍ਰੀਆ, ਫ੍ਰਾਂਸ, ਗਰੀਸ, ਦੱਖਣ ਅਫਰੀਕਾ, ਜਾਪਾਨ, ਸਵੀਡਨ, ਡੈਨਮਾਰਕ, ਇਜਪਟ, ਥਾਈਲੈਂਡ, ਹਾਲੈਂਡ ਦੇ ਇਲਾਵਾ ਮਾਤਾ ਦੇਸ ਅਤੇ ਪਾਕਿਸਤਾਨ ਆਦਿ ਸ਼ਾਮਿਲ ਹਨ।

*** ਸਮਾਗਮ ਦੇ ਵਿਆਪਕ ਵੀਡੀਉ ਕਵਰੇਜ ਹਿਤ ਸੁੰਦਰ ਵਿਵਸਥਾ ਕੀਤੀ ਗਈ ਸੀ। ਨਿਰੰਕਾਰੀ ਸਟੂਡੀਓ ਵਲੋਂ ਪੰਜ ਕੈਮਰੇ ਪੰਡਾਲ ਵਿੱਚ ਅਤੇ ਦੋ ਕੈਮਰੇ ਕ੍ਰੇਨ ਤੇ ਲਗਾਏ ਗਏ ਸਨ ਜਿਸ ਨਾਲ ਦੂਰ ਦੇ ਦ੍ਰਿਸ਼ਾਂ ਨੂੰ ਕੈਦ ਕੀਤਾ ਜਾ ਸਕੇ।**

* ਭਾਰਤੀ ਰੇਲ, ਦਿੱਲੀ ਟ੍ਰਾਂਸਪੋਰਟ ਨਿਗਮ ਅਤੇ ਹਵਾਈ ਉਡਾਨਾਂ ਦੇ ਇਲਾਵਾ ਦਿੱਲੀ ਮੈਟਰੋ ਦੀ ਸੜਯਾਲੂਆਂ ਦੇ ਆਗਮਨ ਵਿੱਚ ਇਸ ਵਾਰ ਸਹਿਯੋਗੀ ਰਿਹਾ। ਸਮਾਗਮ ਤੋਂ ਠੀਕ ਪਹਿਲਾਂ ਸ਼ਾਲੀਮਾਰ ਬਾਗ ਤੋਂ ਸਮਾਗਮ ਮੈਦਾਨਾਂ ਵਿੱਚ ਪਹੁੰਚਣ ਵਾਲਾ ਮਾਰਗ ਫਲਾਈਓਵਰ ਆਵਾਜਾਈ ਲਈ ਦਿੱਲੀ ਸਰਕਾਰ ਨਹੀਂ ਖੋਲ੍ਹ ਦਿਤਾ ਗਿਆ ਜਿਸ ਨਾਲ ਆਵਾਜਾਈ ਵਿੱਚ ਸਹੂਲਤ ਹੋਈ।

*** ਸੰਤ ਸਮਾਗਮ ਰਾਸ਼ਟਰੀ ਏਕਤਾ ਦਾ ਜੀਵੰਤ ਆਦਰਸ਼ ਮਾਡਲ ਨਜ਼ਰ ਆਇਆ। ਪੰਜ ਵਿਸ਼ਾਲ ਮੈਦਾਨਾਂ ਵਿਚ ਦੇਸ਼ ਦੇ ਹਰ ਪ੍ਰਾਂਤ ਦੇ ਡਿੰਨ-ਡਿੰਨ ਪੰਡਾਲਾਂ ਵਿਚ ਮੰਨੋ ਪੂਰਾ ਦੇਸ਼ ਸਿਮਟ ਆਇਆ ਹੋਵੇ।**

* ਨਿਰੰਕਾਰੀ ਸੰਤੋਕ ਸਹੋਦਰ ਵਿੱਚ ਸਹਯਾ ਇਸਨਾਨ ਲਈ ਲੱਗੀਆਂ ਲੰਮੀਆਂ ਲਾਇਨਾ ਦੀ ਲੰਬਾਈ ਦਿਨ ਰਾਤ ਇਕ ਹੀ ਨਜ਼ਰ ਆਈ।

* ਭਾਰਤੀ ਰੇਲ ਨੇ ਸਮਾਗਮ ਵਿਚ ਆਉਣ ਵਾਲਿਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਲੱਖਾਂ ਸ਼ਰਧਾਲੂਆਂ ਦੇ ਵਿਚਕਾਰ ਸੰਚਾਰ ਸੁਵਿਧਾ ਹੇਤੁ ਮੋਬਾਇਲ ਕੰਪਨੀਆਂ ਦੁਆਰਾ ਅਸਥਾਈ ਟਾਵਰ ਲਗਾਏ ਗਏ, ਜਿਸ ਨਾਲ ਲੱਖਾਂ ਦੇ

ਵਿਚਕਾਰ ਬਿਨਾ ਰੁਕਾਵਟ ਸੰਚਾਰ ਸੁਵਿਧਾ ਕਾਇਮ ਰਿਹਾ।

*** ਸੁਰੱਖਿਆ ਅਤੇ ਚੌਕਸੀ ਵਿਵਸਥਾ ਚੰਗੀ ਰਹੀ। ਪਹਿਲੀ ਵਾਰ ਸੀ.ਸੀ. ਟੀ.ਵੀ. ਕੈਮਰਿਆਂ ਰਾਹੀ ਸਾਰੀਆਂ ਗਤੀਵਿਧੀਆਂ ਤੇ ਨਜ਼ਰ ਰੱਖਣ ਦਾ ਸਫਲ ਜਤਨ ਕੀਤਾ ਗਿਆ।**

* ਰਾਸ਼ਟਰੀ ਬੈਂਕਾਂ ਰਹੀ ਸਹਿਯੋਗ : ਭਾਰਤੀ ਸਟੇਟ ਬੈਂਕ, ਪੰਜਾਬ ਨੈਸ਼ਨਲ ਬੈਂਕ ਅਤੇ ਓਰੀਐਂਟਲ ਬੈਂਕ ਆਫ ਕਾਮਰਸ ਦੇ ਮਟਾਫ ਨੇ ਦਿਨ ਰਾਤ ਕੰਮ ਕਰਕੇ ਵਿਸ਼ੇਸ਼ ਯੋਗਦਾਨ ਦਿੱਤਾ। ਸਮਾਗਮ ਵਿਚ ਹਿੱਸਾ ਲੈਣ ਆਏ ਦੂਰ ਦੇਸ਼ਾਂ ਦੇ ਪ੍ਰਤੀਨਿਧੀਆਂ ਦੇ ਲਈ ਵਿਦੇਸ਼ੀ ਕਰੰਸੀ ਵਿਨਿਮਯ ਦਾ ਕੰਮ ਕੀਤਾ।

ਪਾਠਕਾਂ ਨੂੰ ਬੇਨਤੀ

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਅੰਤਰਰਾਸ਼ਟਰੀ ਮਾਸਿਕ ਪਤ੍ਰਿਕਾ 'ਸੰਤ ਨਿਰੰਕਾਰੀ', ਪੰਦਰਵਾੜਾ ਅਖਬਾਰ 'ਦੇਸ਼ ਨਗਰ' ਅਤੇ ਬੱਚਿਆਂ ਦੀ ਮਾਸਿਕ ਪਤ੍ਰਿਕਾ 'ਹੰਸਨੀ ਦੁਨੀਆ' ਦੀ ਸਿਮੇ-ਵਸਤੂ ਵਿੱਚ ਜਿਥੇ ਗੁਣਵੱਤਾ ਦੇ ਆਧਾਰ ਤੇ ਨਿਰੰਤਰ ਸੁਧਾਰ ਕੀਤਾ ਗਿਆ ਹੈ, ਉਥੇ ਲੇਖਕ ਸਭਾ-ਸੰਸਥਾ ਦੀ ਵਿਚਾਰ ਵਿੱਚ ਵੀ ਸਾਰਥਕ ਯਤਨ ਕੀਤਾ ਗਿਆ ਹੈ। ਇਸੇ ਕਾਰਣ ਹੈ ਕਿ ਸਾਡੀਆਂ ਪੱਤਰਕਾਵਾਂ ਸਮਾਜ ਵਿੱਚ ਬਹੁਤ ਆਕਰਸ਼ਕ ਥਣਾਂ ਤੇ ਚਰਚਿਤ ਰਹਿ ਹਨ।

ਸੰਤ ਨਿਰੰਕਾਰੀ (ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ) ਨੂੰ ਅਗਸਤ-2009 ਤੋਂ ਸੰਪੂਰਣ ਰੰਗੀਨ ਕਰ ਦਿੱਤਾ ਗਿਆ ਹੈ। ਪਤ੍ਰਿਕਾ ਨੂੰ ਬਹੁਰੰਗੀ ਕਰਨ ਨਾਲ ਲਾਗਤ ਵੱਧ ਗਈ ਹੈ। ਕਾਗਜ਼ ਦੇ ਰੇਟਾਂ ਵਿੱਚ ਵਾਧਾ, ਸਾਜ-ਸੱਜਾ ਅਤੇ ਰੰਗੀਨ ਛਪਾਈ ਦੇ ਕਾਰਣ ਲਾਗਤ ਵਿੱਚ ਹੋਏ ਵਾਧੇ ਨੂੰ ਵੇਖਦੇ ਹੋਏ ਨਿਰੰਕਾਰੀ ਪੱਤਰ-ਪਤ੍ਰਿਕਾਵਾਂ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਹ ਵਧੀਆਂ ਹੋਈਆਂ ਦਰਾਂ ਅਗਲੇ ਸਾਲ ਭਾਵ 1 ਅਪ੍ਰੈਲ 2010 ਤੋਂ ਲਾਗੂ ਹੋਣਗੀਆਂ। ਸੰਤ ਨਿਰੰਕਾਰੀ, ਹੰਸਨੀ ਦੁਨੀਆ ਮਾਸਿਕ ਪਤ੍ਰਿਕਾ ਦੀ ਇਕ ਕਾਪੀ 10 ਰੁਪਏ ਅਤੇ ਦੇਸ਼ ਨਗਰ ਪੰਦਰਵਾੜਾ ਅਖਬਾਰ ਦੀ ਕੀਮਤ 4 ਰੁਪਏ ਹੋਏਗੀ। ਨਵੇਂ ਚੰਦੇ ਹੇਠ ਲਿਖੇ ਅਨੁਸਾਰ ਹੋਣਗੇ –

Country	Annual	3 Years	5 Years	10 Years	Life (20 Years)
India / Nepal	Rs. 36	Rs. 100	-	Rs.300	Rs.600
UK	£12	-	£30	£100	£150
Europe	€15	-	€70	€125	€200
USA	$20	-	$100	$160	$250
Canada / Australia	$25	-	$126	$200	$300
Other Countries	Equivalent to U.S. Dollars as mentioned above				

ਅਗਰ ਆਪ 31 ਮਾਰਚ 2010 ਤਕ ਮੈਂਬਰਸ਼ਿਪ ਪ੍ਰਾਪਤ ਕਰਦੇ ਹੋ ਤਾਂ ਪੁਰਾਣੀਆਂ ਦਰਾਂ ਦੇ ਅਨੁਸਾਰ ਹੀ ਰਾਸ਼ੀ ਦੇਣੀ ਹੋਏਗੀ। ਇਸਲਈ ਪਾਠਕ ਇਸਦਾ ਲਾਭ ਲੈ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਉਮਰਭਰ ਦੀ ਮੈਂਬਰਸ਼ਿਪ ਵਿਧੀ ਵਿੱਚ ਰਾਸ਼ੀ ਦੇਣੀ ਹੈ, ਉਹ ਆਪਣੀਆਂ ਬਾਕੀ ਕਿਸ਼ਤਾਂ 31 ਮਾਰਚ 2010 ਤਕ ਜ਼ਰੂਰ ਜਮਾ ਕਰਵਾ ਦੇਣ, ਨਹੀਂ ਤਾ ਉਹਨਾਂ ਨੂੰ ਨਵੀਆਂ ਦਰਾਂ ਦੇ ਅਨੁਸਾਰ ਭੁਗਤਾਨ ਕਰਨਾ ਪਏਗਾ।

ਸਾਰੇ ਜੋਨਲ ਇੰਚਾਰਜ, ਮੁਖੀ, ਪ੍ਰਚਾਰਕ ਮਹਾਤਮਾਵਾਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ 1 ਅਪ੍ਰੈਲ 2010 ਤੋਂ ਨਵੀਆਂ ਦਰਾਂ ਦੇ ਅਨੁਸਾਰ ਹੀ ਮੈਂਬਰਸ਼ਿਪ ਦਾ ਚੰਦਾ ਭੇਜਣਾ। ਆਪ ਤਕਿਚ ਕਿਸ ਵੀ ਆਪਣਾ ਸਹਿਯੋਗ ਪੂਰੀ ਤਰ੍ਹਾਂ ਦੇਂਦੇ ਰਹੋਗੇ, ਅਜਿਹੀ ਉਮੀਦ ਹੈ।

ਸੀ.ਐਚ.ਓ. ਕੁਲਦੀਪ, ਇੰਚਾਰਜ ਪਤ੍ਰਿਕਾ ਵਿਭਾਗ
ਸੰਤ ਨਿਰੰਕਾਰੀ ਮੰਡਲ ਦਿੱਲੀ - 110009

ਭਰਾਤੀ ਪੁਰਬ ਸਮਾਗਮ

10 ਜਨਵਰੀ, 2010 (ਐਤਵਾਰ)

ਸਥਾਨ

ਨਿਰੰਕਾਰੀ ਸਮਾਗਮ ਗਰਾਊਂਡ, ਬੁਰਾੜੀ ਰੋਡ, ਦਿੱਲੀ - 06

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਪਾਵਨ ਛਤਰਛਾਇਆ ਹੇਠ ਮਹਾਰਾਸ਼ਟਰ ਦਾ ਪ੍ਰਾਦੇਸਿਕ ਸੰਤ ਸਮਾਗਮ

22, 23 ਅਤੇ 24 ਜਨਵਰੀ, 2010 ਨੂੰ
(ਸ਼ੁਕਰ, ਸ਼ਨੀ ਅਤੇ ਐਤਵਾਰ)

ਮੁੰਬਈ ਵਿਚ

ਪ੍ਰੋਗਰਾਮ

ਸ਼ੁਕਰਵਾਰ, 22 ਜਨਵਰੀ, 2010

ਸੋਭਾ ਯਾਤਰਾ : ਸਵੇਰੇ 10.30 ਤੋਂ ਦੁਪਹਿਰ 12.00 ਵਜੇ
ਸਤਿਸੰਗ : ਦੁਪਹਿਰ ਬਾਅਦ 3.00 ਤੋਂ ਰਾਤ 9.00 ਵਜੇ
ਸਤਿਗੁਰੂ ਪ੍ਰਵਚਨ : ਰਾਤ 9.00 ਵਜੇ

ਸ਼ਨੀਵਾਰ, 23 ਜਨਵਰੀ, 2010

ਮੋਟਾਵਲ ਰੈਲੀ : ਸਵੇਰੇ 10.30 ਤੋਂ ਦੁਪਹਿਰ 12.00 ਵਜੇ
ਸਤਿਸੰਗ : ਦੁਪਹਿਰ ਬਾਅਦ 3.00 ਤੋਂ ਰਾਤ 9.00 ਵਜੇ
ਸਤਿਗੁਰੂ ਪ੍ਰਵਚਨ : ਰਾਤ 9.00 ਵਜੇ

ਐਤਵਾਰ, 24 ਜਨਵਰੀ, 2010

ਵਿਸ਼ੇਸ਼ ਬੈਠਕ : ਦੁਪਹਿਰ 1.00 ਤੋਂ ਰਾਤ 9.00 ਵਜੇ
ਸਤਿਗੁਰੂ ਪ੍ਰਵਚਨ : ਰਾਤ 9.00 ਵਜੇ

ਨੋਟ : ✣ ਇਸ ਦਰ ਵਾਰੀ ਦਰਸ਼ਾਏ ਦਾ ਨਿਰਦਿਤ ਸਮਾਂ ਨਿਰਧਾਰਤ ਨਹੀਂ ਕੀਤਾ ਗਿਆ ਹੈ, ਇਹ ਲਈ ਕਈ ਸਹਾਤਮਾਵਾਂ ਨੂੰ ਕਿੰਨੇ ਦਿਨ ਪ੍ਰਿਕਾਦਿਤ ਸਥਾਨਾਂ ਤੇ, ਆਪਣੇ ਆਪਣੇ ਢੰਗ ਨਾਲ ਪ੍ਰਚਾਰ ਕਰਨ ਦਾ ਮੌਕਾ ਮਿਲੇਗਾ।

✣ 25 ਜਨਵਰੀ, 2010 ਸੋਮਵਾਰ ਨੂੰ ਸਵੇਰੇ 11.00 ਤੋਂ ਦੁਪਹਿਰ 1.00 ਵਜੇ ਤਕ ਸਤਿਗੁਰੂ ਮਾਤਾ ਜੀ ਦਾ ਛਤਰਛਾਇਆ ਹੇਠ ਸਮਾਗਮ ਸਥਾਨ ਤੇ ਹੀ ਸਮੂਹਿਕ ਵਿਆਹ ਹੋਣਗੇ ਅਤੇ ਦੂਸਰੇ ਦਿਨ ਸਮਾਂ 5.00 ਵਜੇ ਤੋਂ ਰਾਤ 9.00 ਵਜੇ ਤਕ **ਬ੍ਰਹਮ-ਦੰਦਨਾ** ਦਾ ਪ੍ਰੋਗਰਾਮ ਹੀ ਆਯੋਜਿਤ ਕੀਤਾ ਜਾਏਗਾ

ਸਮਾਗਮ ਸਥਾਨ ਦਾ ਪਤਾ : ਏਰੋਲੀ ਨਾਲੇਜ ਪਾਰਕ,
ਐਮ.ਆਈ.ਡੀ.ਸੀ. ਗਰਾਊਂਡ
ਮੁਹੰਦ ਆਇਰਨ ਕੰਪਨੀ ਦੇ ਸਾਹਮਣੇ
ਟਿਟਵਾ ਸ਼ਹਾਡ ਨਾਕਾ, ਠਾਣੇ-ਐਲਫਾਂਸਪੁਰ ਰੋਡ,
ਏਰੋਲੀ, ਨਵੀਂ ਮੁੰਬਈ (ਮਹਾਰਾਸ਼ਟਰ)

ਨੋਟ : ਠੰਡਰ ਦੀ ਵਿਵਸਥਾ ਸਮਾਗਮ ਸਥਾਨ ਤੇ ਹੋਏਗੀ।

ਵੀ. ਡੀ. ਨਾਰਾਇਣ,
ਮੁੱਖ ਸਯੋਜਕ ਸੰ ਨਿ ਮੰ

ਖੁਸ਼ੀ, ਉਮੰਗ, ਪ੍ਰਵਾਹ, ਲੈਅਬੱਧਤਾ
ਕਰਦੀ ਹੈ, ਸਵਾਗਤ-ਸਤਿਗੁਰੂ ਦਾ
ਭਾਵਨਾਵਾਂ ਵਿਚ ਭਰਦੀ ਹੈ
- ਕਲਾਮਈ ਕੋਮਲ ਸੁੰਦਰਤਾ





Registered with the Registrar of Newspaper
For India Under RNI Number 961/57

Delhi Postal Regd. No. DL(N)301/0134/09-11
Licence Number U(DN)-18/09-11
Licenced to Post Without Pre Payment

Posted at IMBC/1
Prescribed Dates 1st & 2nd Same month
Dates of Publication : 27th & 28th
Advance Month